jagtar SIngh Sokhi_Layout 1 22-Dec-24 6:06 PM Page 1

# ਪਹਿਲਾ ਅਤੇ ਦੂਜਾ ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ



ਜਗਤਾਰ ਸਿੰਘ ਸੋਖੀ

jagtar SIngh Sokhi_Layout 1 22-Dec-24 6:06 PM Page 2

# ਪਹਿਲਾ ਅਤੇ ਦੂਜਾ
# ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ

– ਜਗਤਾਰ ਸਿੰਘ ਸੋਖੀ

jagtar SIngh Sokhi_Layout 1 22-Dec-24 6:06 PM Page 4



jagtar SIngh Sokhi_Layout 1 22-Dec-24 6:06 PM Page 5



# ਮੇਰੇ ਵੱਲੋਂ ਕੁਝ ਗੱਲਾਂ

ਪੰਜਾਬ ਦਾ ਗੌਰਵਮਈ ਵਿਰਸਾ ਯੋਧਿਆਂ ਸੂਰਬੀਰਾਂ ਦੀਆਂ ਗਥਾਵਾਂ ਨਾਲ਼ ਭਰਿਆ ਪਿਆ ਹੈ। ਪੰਜਾਬ ਦੇ ਚੱਪੇ ਚੱਪੇ ਤੇ ਆਜ਼ਾਦੀ ਲਈ ਲੜਨ ਵਾਲ਼ੇ ਸੂਰਵੀਰਾਂ ਦਾ ਪਵਿੱਤਰ ਖ਼ੂਨ ਡੁਲ੍ਹਿਆ ਹੋਇਆ ਹੈ। ਪੰਜਾਬੀ ਆਦਿ ਕਾਲ ਤੋਂ ਹੀ ਜੁਲਮ ਵਿਰੁੱਧ ਲੜਨ ਵਾਲ਼ੇ ਸੂਰਵੀਰ ਯੋਧੇ ਹਨ, ਜਿਨਾਂ ਨੇ ਸਿਕੰਦਰ ਵਰਗੇ ਦੁਨੀਆ ਜਿੱਤਣ ਦਾ ਸੁਪਨਾ ਲੈ ਕੇ ਚੱਲਣ ਵਾਲ਼ੇ ਧਾੜਵੀਆਂ ਨੂੰ ਮੂੰਹ ਤੋੜ ਜਵਾਬ ਦਿੱਤਾ। ਜੇਕਰ ਪੰਜਾਬ ਦਾ ਇਤਿਹਾਸ ਪੜੀਏ ਤਾਂ ਪੰਜਾਬ ਹਮੇਸ਼ਾ ਯੁੱਧ ਦਾ ਮੈਦਾਨ ਬਣਿਆ ਰਿਹਾ। ਭਾਰਤ ਦੀ ਖੜਗ ਭੁਜਾ ਹੋਣ ਦੇ ਕਾਰਨ ਹਰ ਹਮਲਾਵਾਰ ਪੰਜਾਬ ਰਾਹੀਂ ਦਾਖ਼ਲ ਹੁੰਦਾ ਤੇ ਲੁੱਟ ਮਾਰ ਕਰਕੇ ਚਲਾ ਜਾਂਦਾ। ਪੰਜਾਬ ਦੇ ਯੋਧਿਆਂ ਨੇ ਇਹਨਾਂ ਨੂੰ ਨੱਥ ਪਾਈ। ਜੇ ਕਰ ਸਿੱਖ ਰਾਜ ਦੀ ਗੱਲ ਕਰੀਏ ਤਾਂ ਸਿੱਖ ਮਿਸਲਾਂ ਤੋਂ ਬਾਅਦ ਬੜੀ ਜੱਦੋ ਜਹਿਦ ਤੇ ਰਾਜਨੀਤੀ ਨਾਲ਼ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਖ਼ਾਲਸਾ ਰਾਜ ਕਾਇਮ ਕੀਤਾ ਜਿਸ ਦੀਆਂ ਹੱਦਾਂ ਕਾਬਲ ਕੰਧਾਰ, ਕਸ਼ਮੀਰ, ਤਿੱਬਤ ਨਾਲ਼ ਲੱਗਦੀਆਂ ਤੇ ਦੂਜੇ ਪਾਸੇ ਸਤਲੁਜ ਦਰਿਆ ਪੂਰਬ ਵੱਲ ਉਸ ਦੀ ਹੱਦ ਸੀ, ਜਿੱਥੇ ਅੰਗਰੇਜ਼ਾਂ ਦਾ ਵਿਸ਼ਾਲ ਸਾਮਰਾਜ ਉਸ ਦੇ ਨਾਲ਼ ਆ ਟੱਕਰਦਾ ਸੀ। ਅੰਗਰੇਜ਼ਾਂ ਦੀ ਕੁਟਲ ਨੀਤੀ ਖਾਲਸਾ ਰਾਜ ਨੂੰ ਕਮਜ਼ੋਰ ਕਰਕੇ ਆਪਣੇ ਸਾਮਰਾਜ ਨੂੰ ਵਧਾਉਣ ਦੀ ਸੀ। ਪੂਰਬੀ ਤੇ ਦੱਖਣੀ ਭਾਰਤ ਵਿੱਚ ਉਹਨਾਂ ਨੇ ਜਿਸ ਤਰ੍ਹਾਂ ਦੇਸੀ ਰਾਜਿਆਂ ਨੂੰ ਦਬਾ ਕੇ ਆਪਣੇ ਰਾਜ ਵਿੱਚ ਮਿਲਾਇਆ ਉਹੀ ਰਣਨੀਤੀ ਪੰਜਾਬ ਅਪਣਾਉਣਾ ਚਾਹੁੰਦੇ ਸੀ ਪਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਬਦਬੇ ਤੋਂ ਡਰਦੇ ਹੋਏ ਟਿਕੇ ਰਹੇ। ਮਹਾਰਾਜਾ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਫ਼ੌਜਾਂ ਦੀ ਆਪੋਧਾਪੀ, ਉਹਨਾਂ ਦੇ ਵਾਰਸਾਂ ਦੀਆਂ ਸਾਜ਼ਸ਼ਾਂ ਨੇ ਅੰਗਰੇਜ਼ਾਂ ਨੂੰ ਮੌਕਾ ਦਿੱਤਾ। ਇਹ ਮੌਕਾ ਅੰਗਰੇਜ਼ਾਂ ਤੇ ਸਿੱਖਾਂ ਦੇ ਪਹਿਲੇ ਤੇ ਦੂਸਰੇ ਯੁੱਧ ਅਤੇ ਪੰਜਾਬ ਦੇ ਅੰਗਰੇਜ਼ਾਂ ਹੱਥੋਂ ਗ਼ੁਲਾਮੀ ਦਾ ਕਾਰਨ ਬਣਿਆ। ਇਹ ਯੁੱਧ ਕਿਸ ਤਰ੍ਹਾਂ ਹੋਇਆ, ਕੀ ਕੁਟਲ ਨੀਤੀ ਸੀ, ਕਿਹੜੇ ਕਿਹੜੇ ਸਿੱਖ ਕੌਮ ਦੇ ਨੇਤਾਵਾਂ ਦੀ ਗ਼ਦਾਰੀ ਤੇ ਕਿਹੜੇ ਕਿਹੜੇ ਸਿੱਖ ਕੌਮ ਦੇ ਵਫ਼ਾਦਾਰ ਸਰਦਾਰਾਂ ਦੀ ਬਹਾਦਰੀ। ਇਹ ਸਾਰੀ ਇਸ ਅੰਗਰੇਜ਼ਾਂ ਤੇ ਸਿੱਖਾਂ ਦੇ ਪਹਿਲੇ ਤੇ ਦੂਸਰੇ ਯੁੱਧ ਦੇ ਬ੍ਰਿਤਾਂਤ ਵਿੱਚ ਸਾਹਮਣੇ ਆਉਂਦੀ ਹੈ। ਸਾਡਾ ਸਦਾ ਹੀ ਇਹ ਦੁਖਾਂਤ ਰਿਹਾ ਹੈ ਕਿ ਅਸੀਂ ਆਪਣਾ ਇਤਿਹਾਸ ਨਹੀਂ

ਸੰਭਾਲਿਆ। ਹਮੇਸ਼ਾ ਯੁੱਧਾਂ ਵਿੱਚ ਉਲਝੇ ਰਹੇ ਅੰਗਰੇਜ਼ਾਂ ਵੱਲੋਂ ਇਹਨਾਂ ਯੁੱਧਾਂ ਦੀ ਪੂਰੀ ਤਫ਼ਸੀਲ ਦਰਜ ਹੈ। ਇਸ ਯੁੱਧ ਵਿੱਚ ਸਿੱਖ ਫੌਜਾਂ ਦੇ ਸ਼ਹੀਦਾਂ ਦਾ ਕੋਈ ਵੇਰਵਾ ਪ੍ਰਮਾਣਿਕ ਤੌਰ ਤੇ ਨਹੀਂ ਮਿਲਦਾ। ਜੋ ਵੀ ਦਸਤਾਵੇਜ ਮਿਲ਼ਦੇ ਹਨ ਅੰਗਰੇਜ਼ ਇਤਿਹਾਸਕਾਰਾਂ ਦੀਆ ਲਿਖਤਾਂ ਤੋਂ ਮਿਲਦੇ ਹਨ। ਫਿਰ ਵੀ ਕੋਸ਼ਸ਼ ਕੀਤੀ ਹੈ ਕਿ ਪਾਠਕਾਂ ਨੂੰ ਇਹਨਾਂ ਦੋਹਾਂ ਜੰਗਾਂ ਬਾਰੇ ਕੁਝ ਜਾਣਕਾਰੀ ਦੇ ਸਕਾਂ ਜੋ ਪਾਠਕਾਂ ਲਈ ਲਾਹੇਵੰਦ ਹੋਵੇ।

ਤੁਹਾਡੇ ਨਿਗਰ ਹੁੰਗਾਰੇ ਤੇ ਸੁਝਾਵਾਂ ਦੀ ਉਡੀਕ ਵਿੱਚ ਤੁਹਾਡਾ ਆਪਣਾ

ਜਗਤਾਰ ਸਿੰਘ ਸੋਖੀ ਮੁੱਦਕੀ (ਫਿਰੋਜ਼ਪੁਰ)
9417166386

# ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ ਮੁੱਦਕੀ ਦੀ ਜੰਗ

ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਜੰਗ ਸਤਲੁਜ ਦਰਿਆ ਦੇ ਦੱਖਣੀ ਕੰਢੇ ਤੋਂ ਤਕਰੀਬਨ 30-35 ਕਿਲੋਮੀਟਰ ਦੂਰ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮੁੱਦਕੀ ਵਿਖੇ ਲੜੀ ਗਈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਤਲੁਜ ਦਰਿਆ ਤੋਂ ਪਾਰ ਉੱਤਰ ਪੱਛਮ ਦੇ ਇਲਾਕੇ ਵਿੱਚ ਸੀ। ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਤੋਂ ਪਹਿਲਾਂ ਸਤਲੁਜ ਦੇ ਦੱਖਣ ਦੇ ਹਿੱਸੇ ਨੂੰ ਸਤਲੁਜ ਪਾਰ ਪੰਜਾਬ ਕਹਿੰਦੇ ਸਨ ਜੋ ਦਿੱਲੀ ਤੱਕ ਜਾਂਦਾ ਸੀ। ਇਸ ਵਿੱਚ ਪਟਿਆਲਾ ਜੀਂਦ ਤੇ ਮਲੇਰਕੋਟਲਾ ਦੀਆਂ ਰਿਆਸਤਾਂ ਸ਼ਾਮਿਲ ਸਨ। ਸਤਲੁਜ ਤੋਂ ਉੱਤਰੀ ਭਾਗ ਲਾਹੌਰ ਦਰਬਾਰ ਦੀ ਸਲਤਨਤ ਸੀ। ਸਤਲੁਜ ਦੇ ਉੱਤਰੀ ਭਾਗ ਵਿੱਚ ਕਸੂਰ ਫ਼ਤਿਹ ਕਰਨ ਨਾਲ਼ ਲਾਹੌਰ ਦਰਬਾਰ ਦੀ ਹੱਦ ਦਰਿਆ ਤੇ ਆ ਕੇ ਰੁਕ ਗਈ।

ਫਿਰੋਜ਼ਪੁਰ ਦਾ ਰਾਈਸ ਸਰਦਾਰ ਧੰਨਾ ਸਿੰਘ ਵੀ ਸ਼ੁਕਰਚੱਕੀਆ ਮਿਸਲ ਦੇ ਟੁੱਟ ਜਾਣ ਮਗਰੋਂ ਦੂਜੀਆਂ ਮਿਸਲਾਂ ਵਾਂਙ ਲਾਹੌਰ ਦਰਬਾਰ ਦੇ ਅਧੀਨ ਹੋ ਗਿਆ ਸੀ। ਇਸ ਕਰਕੇ ਉਸ ਨੂੰ ਲਾਹੌਰ ਦਰਬਾਰ ਤੋਂ ਮਦਦ ਮਿਲਦੀ ਰਹਿੰਦੀ ਸੀ। ਧੰਨਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਉਸ ਦੀ ਸੰਤਾਨਹੀਨ ਰਾਣੀ ਲਛਮਣ ਕੌਰ ਦੀ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਮਦਦ ਕੀਤੀ ਅਤੇ ਆਸੇ ਪਾਸੇ ਦੀਆਂ ਰਿਆਸਤਾਂ ਦੇ ਹਮਲਿਆਂ ਤੋਂ ਬਚਾਈ ਰੱਖਿਆ ਪਰ ਫਿਰ ਉਹ ਅੰਗਰੇਜ਼ਾਂ ਦੇ ਕਹਿਣੇ ਵਿੱਚ ਆ ਗਈ। ਅੰਗਰੇਜ਼ਾਂ ਨੇ ਉਸ ਨੂੰ ਰਾਣੀ ਦਾ ਖਿਤਾਬ ਦਿੱਤਾ ਤੇ ਉਹ ਅੰਗਰੇਜ਼ਾਂ ਵੱਲ ਹੋ ਗਈ। ਰਾਣੀ ਲਛਮਣ ਕੌਰ ਦੀ ਮੌਤ ਹੋਣ ਤੋਂ ਬਾਅਦ ਅੰਗਰੇਜ਼ਾਂ ਨੇ ਉਸ ਦਾ ਇਲਾਕਾ ਇਹ ਕਹਿ ਕੇ ਆਪਣੇ ਰਾਜ ਵਿੱਚ ਮਿਲਾ ਲਿਆ ਕਿ ਇਹ ਇਲਾਕਾ ਸਤਲੁਜ ਦਰਿਆ ਤੋਂ ਦੱਖਣ ਵੱਲ ਹੈ।

ਸਤਲੁਜ ਦਰਿਆ ਦੇ ਦੱਖਣੀ ਹਿੱਸੇ ਦੀਆਂ ਰਿਆਸਤਾਂ ਛੋਟੇ ਛੋਟੇ ਰਾਜਿਆਂ ਦੇ ਅਧੀਨ ਸਨ ਜਿਨਾਂ ਵਿੱਚੋਂ ਫ਼ਰੀਦਕੋਟ ਜਿਸ ਨੂੰ ਅਮੀਰੀ ਹੋਣ ਕਾਰਨ ਸੋਨਕੋਟ ਵੀ ਕਿਹਾ ਜਾਂਦਾ ਹੈ ਸੀ। ਇਸ ਰਿਆਸਤ ਵਿੱਚ ਮੁੱਦਕੀ ਤੋਂ ਇਲਾਵਾ ਪਿੰਡ ਕੋਟ ਕਰੋੜ ਜਿੱਥੋਂ ਦੇ ਕਿਲੇ ਅੰਦਰ ਇੱਕ ਕਰੋੜ ਅਸ਼ਰਫੀਆਂ ਸਨ ਵੀ ਰਿਆਸਤ ਫ਼ਰੀਦਕੋਟ ਦੇ ਕਬਜੇ ਵਿੱਚ ਸੀ। ਇਸ ਸਮੇਂ ਛੋਟੀਆਂ ਛੋਟੀਆਂ ਬਗ਼ਾਵਤਾਂ ਅਕਸਰ ਹੀ ਹੁੰਦੀਆਂ ਰਹਿੰਦੀਆਂ ਸਨ। ਜਿਵੇਂ ਇੱਕ ਵਾਰ ਪਿੰਡ ਕੁੱਲਗੜ੍ਹੀ (ਹੁਣ ਜ਼ਿਲ੍ਹਾ ਫਿਰੋਜ਼ਪੁਰ) ਦੇ ਕੁਝ ਵੱਡੇ ਜ਼ਿਮੀਦਾਰਾਂ ਨੇ ਸਰਦਾਰਨੀ ਲਛਮਣ ਕੌਰ ਦੀ ਅਗਵਾਈ ਵਿੱਚ ਫ਼ਰੀਦਕੋਟ ਰਿਆਸਤ ਦੇ

jagtar SIngh Sokhi_Layout 1 22-Dec-24 6:06 PM Page 9

ਕੁਝ ਪਿੰਡਾਂ ਦੇ ਕਬਜ਼ਾ ਕਰ ਲਿਆ। ਆਖਰ ਲੜਾਈ ਹੋਈ ਤੇ ਫ਼ਰੀਦਕੋਟ ਵਾਲ਼ਿਆਂ ਨੇ ਆਪਣਾ ਇਲਾਕਾ ਛੁਡਵਾ ਲਿਆ। ਇਸੇ ਤਰ੍ਹਾਂ ਦਰਿਆਓਂ ਪਾਰ ਦੇ ਪਠਾਣਾਂ ਨੇ ਮਮਦੋਟ ਅਤੇ ਖਾਈ ਦੇ ਇਲਾਕੇ ਨੂੰ ਕਬਜ਼ੇ ਵਿੱਚ ਕਰਦਿਆਂ ਨਾਥੇਵਾਲਾ ਵਿਖੇ ਕੱਚੀ ਗੜ੍ਹੀ ਬਣਾ ਲਈ ਪਰ ਫ਼ਰੀਦਕੋਟ ਵਾਲ਼ਿਆਂ ਨੇ ਇਹ ਵੀ ਛੁਡਵਾ ਲਈ।

1806 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫ਼ਰੀਦਕੋਟ ਨੂੰ ਫ਼ਤਿਹ ਕਰਨ ਲਈ ਦੀਵਾਨ ਮੋਹਕਮ ਚੰਦ ਨੂੰ ਭੇਜਿਆ। ਉਸ ਨੇ ਮੁਕਤਸਰ, ਬੂੜਾ, ਮਾੜੀ, ਜ਼ੀਰਾ ਅਤੇ ਮੁੱਦਕੀ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ ਅਤੇ ਫਰੀਦਕੋਟ ਦੇ ਨੇੜੇ ਪਹੁੰਚ ਗਿਆ। ਇਸੇ ਸਮੇਂ ਹੀ ਦੀਵਾਨ ਮੋਹਕਮ ਚੰਦ ਨੂੰ ਕਿਸੇ ਹੋਰ ਬਗ਼ਾਵਤ ਨੂੰ ਦਬਾਉਣ ਲਈ ਜਾਣਾ ਪਿਆ ਤੇ ਇਹ ਲੜਾਈ ਟਲ ਗਈ। ਦੂਜੀ ਵਾਰ ਲਾਹੌਰ ਦਰਬਾਰ ਦੀ ਫੌਜ ਨੇ ਪਿੰਡ ਢੈਪਈ ਕੋਲ਼ ਆਣ ਮੋਰਚੇ ਲਾਏ ਪਰ ਫ਼ਰੀਦਕੋਟ ਰਿਆਸਤ ਦੀ ਫੌਜ ਨੇ ਪੀਣ ਵਾਲ਼ੇ ਪਾਣੀ ਦੇ ਸਰੋਤ ਜ਼ਹਿਰੀਲੇ ਕਰ ਦਿੱਤੇ ਜਿਸ ਕਾਰਨ ਅਤੇ ਕੁਝ ਹਰਜਾਨਾ ਦੀਵਾਨ ਮੋਹਕਮ ਚੰਦ ਨੂੰ ਭਰਨ ਕਰਕੇ ਫ਼ਰੀਦਕੋਟ ਨੂੰ ਬਚਾ ਲਿਆ ਗਿਆ। ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਮੋਹਕਮ ਚੰਦ ਨੂੰ ਫ਼ਰੀਦਕੋਟ ਜਿੱਤ ਲੈਣ ਤੇ ਇਹ ਜਾਗੀਰ ਉਸ ਨੂੰ ਦੇਣ ਦਾ ਵਾਅਦਾ ਕੀਤਾ ਸੀ। 1808 ਵਿੱਚ ਇੱਕ ਵਾਰ ਫ਼ਰੀਦਕੋਟ ਅਤੇ ਮੁੱਦਕੀ ਆਦਿ ਪਿੰਡਾਂ ਤੇ ਲਾਹੌਰ ਦਰਬਾਰ ਕਾਬਜ਼ ਹੋ ਗਿਆ ਪਰ 25 ਅਪ੍ਰੈਲ 1809 ਦੀ ਮਹਾਰਾਜਾ ਰਣਜੀਤ ਸਿੰਘ ਅਤੇ ਈਸਟ ਇੰਡੀਆ ਕੰਪਨੀ ਵਿੱਚ ਰੋਪੜ ਵਿਖੇ ਹੋਈ ਅੰਮ੍ਰਿਤਸਰ ਸੰਧੀ ਕਾਰਨ ਲਾਹੌਰ ਦਰਬਾਰ ਨੂੰ ਇਹ ਇਲਾਕੇ ਛੱਡਣੇ ਪਏ। ਇਸ ਤਰ੍ਹਾਂ ਸਤਲੁਜ ਦਾ ਦੱਖਣੀ ਇਲਾਕਾ ਅੰਗਰੇਜ਼ਾਂ ਦੇ ਹਮਾਇਤੀ ਰਾਜਿਆਂ ਦੇ ਕੋਲ਼ ਆ ਗਿਆ। ਮੁੱਦਕੀ ਦਾ ਇਲਾਕਾ ਵੀ ਫ਼ਰੀਦਕੋਟ ਰਿਆਸਤ ਵਿੱਚ ਆ ਗਿਆ। ਇਹ ਇਲਾਕਾ ਬਹੁਤ ਸਮਾਂ ਸੇਮ ਦੀ ਮਾਰ ਹੇਠ ਰਿਹਾ। ਰੇਤਲਾ ਬਿਰਾਨੀ ਇਲਾਕਾ ਹੋਣ ਕਰਕੇ ਇੱਥੇ ਸਿਰਫ ਜਵਾਰ, ਬਾਜਰਾ ਜਾਂ ਛੋਲੇ ਹੁੰਦੇ ਸਨ ਅਤੇ ਖੇਤੀ ਦੀ ਕੋਈ ਬਹੁਤੀ ਆਮਦਨ ਨਹੀਂ ਸੀ। ਇਸੇ ਕਰਕੇ ਫ਼ਰੀਦਕੋਟ ਰਿਆਸਤ ਵੱਲੋਂ ਵੀ ਇਸ ਇਲਾਕੇ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ।

1845 ਦੇ ਪਹਿਲੇ ਅੰਗਰੇਜ਼ ਸਿੱਖ ਯੁੱਧ ਵੇਲ਼ੇ ਇਹ ਇਲਾਕਾ ਫ਼ਰੀਦਕੋਟ ਰਿਆਸਤ ਦੇ ਰਾਜਾ ਪਹਾੜਾ ਸਿੰਘ ਦੇ ਅਧੀਨ ਸੀ। ਪਹਾੜਾ ਸਿੰਘ ਨੇ 1827 ਦੇ ਨੇੜੇ ਤੇੜੇ ਸੱਤਾ ਸੰਭਾਲੀ ਸੀ। ਪਹਾੜਾ ਸਿੰਘ ਵਪਾਰਕ ਬੁੱਧੀ ਵਾਲ਼ਾ ਅਤੇ ਤੇਜ਼ ਤਰਾਰ ਬੰਦਾ ਸੀ। ਉਸ ਨੇ ਇਸ ਇਲਾਕੇ ਵਿੱਚ ਖੂਹ ਲਵਾਏ, ਕਣਕ ਦੀ ਖੇਤੀ ਸ਼ੁਰੂ ਕਰਵਾਈ। ਉਹ ਵੀ ਮਾਲਵੇ ਦੇ ਹੋਰ ਹਾਕਮਾਂ ਵਾਂਙ

ਆਪਣੇ ਵਿਅਕਤੀਗਤ ਹਿੱਤ ਸੁਰੱਖਿਅਤ ਕਰਨੇ ਚਾਹੁੰਦਾ ਸੀ ਇਸੇ ਲਈ ਉਹ ਬ੍ਰਿਟਿਸ਼ ਕੰਪਨੀ ਦਾ ਵਿਰੋਧ ਕਰਕੇ ਖ਼ੁਦਕੁਸ਼ੀ ਨਹੀਂ ਸੀ ਕਰਨਾ ਚਾਹੁੰਦਾ। ਉਹ ਲਾਹੌਰ ਦਰਬਾਰ ਤੋਂ ਦੂਜੇ ਰਿਆਸਤੀ ਹਾਕਮਾਂ ਵਾਂਙ ਤ੍ਰਹਿੰਦਾ ਸੀ। ਇਸ ਕਰਕੇ ਉਹ ਅੰਗਰੇਜ਼ਾਂ ਦੇ ਪੱਖ ਵਿੱਚ ਜੀ ਜਾਨ ਨਾਲ਼ ਭੁਗਤਿਆ ਅਤੇ ਪੰਜਾਬੀਆਂ ਦੀ ਨਿਗਾਹਾਂ ਵਿੱਚ ਸਦਾ ਲਈ ਡਿੱਗ ਪਿਆ ਅਤੇ ਸਦਾ ਲਈ ਕਲੰਕ ਲਵਾ ਗਿਆ। 1845 ਦੀ ਜੰਗ ਵਿੱਚ ਅੰਗਰੇਜ਼ਾਂ ਦੀ ਮਦਦ ਕਰਨ ਕਰਕੇ ਉਸ ਨੂੰ ਕੋਟਕਪੂਰੇ ਦਾ ਇਲਾਕਾ ਦੇਣਾ ਇਹ ਜ਼ਾਹਰ ਕਰਦਾ ਹੈ ਕਿ ਉਹ ਅੰਗਰੇਜ਼ਾਂ ਦਾ ਪੂਰਾ ਮਦਦਗਾਰ ਸੀ।

ਤਵਾਰੀਖ ਗੁਰੂ ਖਾਲਸਾ ਭਾਗ ਦੂਜਾ ਦੇ ਲੇਖਕ ਗਿਆਨੀ ਗਿਆਨ ਸਿੰਘ ਅਨੁਸਾਰ 'ਕਿਹਾ ਜਾਂਦਾ ਹੈ ਕਿ ਇੱਕ ਵਾਰ ਫੇਰੂ ਸ਼ਹਿਰ (ਫ਼ਿਰੋਜ਼ਸ਼ਾਹ) ਦੀ ਜੰਗ ਵੇਲ਼ੇ ਪਹਾੜਾ ਸਿੰਘ ਅੰਗਰੇਜ਼ਾਂ ਦੀ ਮਦਦ ਕਰਨ ਸਮੇਂ ਡਾਵਾਂ ਡੋਲ ਹੋ ਗਿਆ ਸੀ ਪਰ ਅੰਗਰੇਜ਼ਾਂ ਵੱਲੋਂ ਦਿੱਤੇ ਲਾਲਚ ਅਤੇ ਆਪਣੇ ਹਿਤਾਂ ਕਾਰਨ ਉਹ ਇਹਨਾਂ ਦਾ ਮਦਦਗਾਰ ਬਣਿਆ ਰਿਹਾ (ਵੇਖੋ 27 ਜੁਲਾਈ 18 46 ਦੀ ਕਰਨਲ ਮੈਕਸਮ ਅਤੇ ਸੱਤ ਮਾਰਚ 1846 ਦੀ ਮਿਸਟਰ ਆਰ ਕੁਸ਼ਟ ਦੀ ਚਿੱਠੀ)। ਉਸ ਨੇ ਇਹਨਾਂ ਜੰਗਾਂ ਵਿੱਚ ਅੰਗਰੇਜ਼ਾਂ ਨੂੰ ਢੋ ਢੁਆਈ, ਰਸਦ ਅਤੇ ਜਸੂਸ ਵੀ ਦਿੱਤੇ ਜਿਨ੍ਹਾਂ ਨੇ ਅੰਗਰੇਜ਼ਾਂ ਨੂੰ ਇਸ ਇਲਾਕੇ ਦੀ ਪੂਰੀ ਜਾਣਕਾਰੀ ਦਿੱਤੀ। ਫੇਰੂ ਸ਼ਹਿਰ ਦੀ ਲੜਾਈ ਵਿੱਚ ਅੰਗਰੇਜ਼ ਆਪਣੀ ਹਾਰ ਸਮਝ ਕੇ ਬੱਧਨੀ ਤੱਕ ਪਿੱਛੇ ਹਟ ਗਏ ਸਨ। ਇਸ ਨਾਜ਼ੁਕ ਮੌਕੇ ਤੇ ਪਹਾੜਾ ਸਿੰਘ ਖ਼ੁਦ ਘੋੜੇ ਤੇ ਸਵਾਰ ਹੋ ਕੇ ਅੰਗਰੇਜ਼ ਅਫਸਰਾਂ ਕੋਲ਼ ਗਿਆ ਤੇ ਉਹਨਾਂ ਨੂੰ ਕਿਹਾ ਕਿ ਸਿੱਖ ਫੌਜਾਂ ਮੈਦਾਨ ਖਾਲੀ ਕਰ ਗਈਆਂ ਹਨ ਤੁਸੀਂ ਇੱਥੇ ਆਪਣੀ ਫਤਿਹ ਦੇ ਝੰਡੇ ਗੱਡੋ। ਉਸ ਦੀ ਇਸ ਗ਼ਦਾਰੀ ਤੇ ਹੀ ਆਪਣੀ ਜਿੱਤ ਮਗਰੋਂ ਅੰਗਰੇਜ਼ਾਂ ਨੇ 24 ਮਾਰਚ 1846 ਨੂੰ ਇੱਕ ਸਨਦ ਜਾਰੀ ਕਰਕੇ ਪਹਾੜਾ ਸਿੰਘ ਨੂੰ ਰਾਜਾ ਦਾ ਖਿਤਾਬ ਦਿੱਤਾ ਅਤੇ ਕੋਟਕਪੂਰੇ ਦੇ ਨਾਲ਼ ਨਾਭਾ ਰਿਆਸਤ ਦੇ ਵੀ ਕੁਝ ਇਲਾਕੇ ਦਿੱਤੇ। ਮੁੱਦਕੀ ਦੀ ਜੰਗ ਵੇਲ਼ੇ ਪਹਾੜਾ ਸਿੰਘ ਨੇ ਆਪਣੇ ਅਹਿਲਕਾਰ ਮੀਹਾਂ ਸਿੰਘ ਨੂੰ ਵੀ ਅੰਗਰੇਜ਼ਾਂ ਦੀ ਮਦਦ ਕਰਨ ਲਈ ਭੇਜਿਆ ਸੀ। ਉਸ ਨੂੰ ਇਸ ਮਦਦ ਬਦਲੇ ਅੰਗਰੇਜ਼ਾਂ ਵੱਲੋਂ ਇੱਕ ਛੋਟੀ ਜਿਹੀ ਜਗੀਰ ਅਤੇ ਦੋ ਵਾਰ 1000-1000 ਰੁਪਏ ਦਾ ਇਨਾਮ ਦਿੱਤਾ ਗਿਆ। ਪਹਾੜਾ ਸਿੰਘ ਨੇ ਬ੍ਰਿਟਿਸ਼ ਪੋਲੀਟੀਕਲ ਏਜੰਟ ਦੇ ਸਲਾਹ ਮਸ਼ਵਰੇ ਨਾਲ਼ ਆਪਣੀ ਰਿਆਸਤ ਦਾ ਪੁਨਰ ਗਠਨ ਕੀਤਾ।'

ਅਪ੍ਰੈਲ 1849 ਵਿੱਚ ਪਹਾੜਾ ਸਿੰਘ ਦੀ ਮੌਤ ਹੋ ਗਈ ਤੇ ਉਸ ਦਾ ਇਕਲੋਤਾ ਪੁੱਤਰ ਵਜ਼ੀਰ ਸਿੰਘ ਗੱਦੀ ਤੇ ਬੈਠਾ ਜੋ ਪਿੰਡ ਦੀਨੇ ਦੇ ਸਰਦਾਰ

ਸਮੰਦ ਸਿੰਘ ਧਾਲੀਵਾਲ ਦੀ ਲੜਕੀ (ਪਹਾੜਾ ਸਿੰਘ ਦੀ ਪਹਿਲੀ ਰਾਣੀ) ਚੰਦ ਕੌਰ ਦਾ ਪੁੱਤਰ ਸੀ। ਪਹਾੜਾ ਸਿੰਘ ਦੀ ਦੂਸਰੀ ਰਾਣੀ ਦੇਸੋ ਪਿੰਡ ਮੁੱਦਕੀ ਦੇ ਗਿੱਲਾਂ ਦੇ ਪਰਿਵਾਰ ਵਿੱਚੋਂ ਸੀ। ਉਸ ਦੇ ਦੋ ਪੁੱਤਰ ਦੀਪ ਸਿੰਘ ਅਤੇ ਨੇਕ ਸਿੰਘ ਜਨਮੇ ਜੋ ਛੋਟੀ ਉਮਰ ਵਿੱਚ ਹੀ ਮਰ ਗਏ।

ਕਿੱਸਾ ਸ਼ਾਹ ਮੁਹੰਮਦ ਰਾਜਾ ਪਹਾੜ ਸਿੰਘ ਅਤੇ ਮੁੱਦਕੀ ਦੀ ਲੜਾਈ

ਕਰਨਲ ਬਲਬੀਰ ਸਿੰਘ ਸਰਾਂ ਆਪਣੀ ਕਿਤਾਬ ਰਿਆਸਤ ਫ਼ਰੀਦਕੋਟ ਵਿੱਚ ਇਸ ਤਰ੍ਹਾਂ ਲਿਖਦੇ ਹਨ:

ਸੱਠ ਕੁ ਸਾਲ ਪਹਿਲਾਂ ਸਿਰਲੇਖ ਵਿਚਲੇ ਮੁੱਦੇ ਬਾਰੇ ਗੱਲ ਚੱਲ ਰਹੀ ਸੀ। ਚਰਚਾ ਕਿੱਸੇ ਵਿਚਲੀਆਂ ਸਤਰਾਂ

'ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ,
ਸਿੰਘਾਂ ਨਾਲ਼ ਸੀ ਓਸ ਦੀ ਗ਼ੈਰਸਾਲੀ' ।...

ਤੇ ਆਈ ਤਾਂ ਹਾਜ਼ਰ ਸੱਜਣ (ਮੇਰਾ ਜਮਾਤੀ ਹੁਣ ਨਾਮ ਯਾਦ ਨਹੀਂ) ਨੇ ਕਿਹਾ, 'ਇਹ ਗ਼ਲਤ ਹੈ। ਰਾਜਾ ਪਹਾੜਾ ਸਿੰਘ ਅੰਗ੍ਰੇਜ਼ਾਂ ਨੂੰ ਨਹੀਂ ਸੀ ਮਿਲਿਆ। ਮੈਂ ਜਾਣਦਾ ਹਾਂ ਉਹ ਕੌਣ ਸੀ । ਸਾਡੇ ਪਿੰਡ ਪੱਖੀ ਦਾ ਸੀ' । ਉਸ ਨੇ ਅੰਗ੍ਰੇਜ਼ਾਂ ਨੂੰ ਜਾ ਕੇ ਮਿਲਣ ਅਤੇ ਖ਼ਬਰ ਦੇਣ ਵਾਲ਼ੇ ਆਦਮੀ ਦਾ ਨਾਮ ਦੱਸਣੋਂ ਇਨਕਾਰ ਕਰ ਦਿੱਤਾ ਅਤੇ ਗੱਲ ਆਈ ਗਈ ਹੋ ਗਈ।

ਫੇਰ 22 ਅਕਤੂਬਰ 2009 ਨੂੰ ਰੋਜ਼ਾਨਾ 'ਸਪੋਕਸਮੈਨ' ਵਿੱਚ ਬਜ਼ੁਰਗ਼ ਹਰੀ ਰਾਮ ਯੁਕਤਾ ਦਾ ਲੇਖ ਛਪਿਆ। ਸਿਰਲੇਖ ਸੀ, 'ਪਹਾੜਾ ਸਿੰਘ ਨੇ ਅੰਗ੍ਰੇਜ਼ਾਂ ਕੋਲ ਕੋਈ ਮੁਖਬਰੀ ਨਹੀਂ ਕੀਤੀ ਸੀ'। ਇਸ ਵਿੱਚ ਲੇਖਕ ਦੇ ਵਿਚਾਰ ਇਸ ਤਰ੍ਹਾਂ ਸਨ:-

'ਜਿੱਥੋਂ ਤੱਕ ਸ਼ਾਹ ਮੁਹੰਮਦ ਵੱਲੋਂ ਲਿਖੀ ਕਵਿਤਾ 'ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ' ਦਾ ਸਵਾਲ ਹੈ, ਇਹ ਮੁੱਦਕੀ ਦੀ ਲੜਾਈ ਤੋਂ ਦਸ ਸਾਲ ਮਗਰੋਂ, ਬਿਨਾਂ ਤੱਥਾਂ ਦੇ ਅਧਾਰ ਤੇ ਲਿਖੀ ਗਈ ਹੈ। ਇਸ ਲਈ ਸ਼ਾਹ ਮੁਹੰਮਦ ਦਾ ਪਹਾੜਾ ਸਿੰਘ ਬਾਰੇ ਕਥਨ ਭਰੋਸੇਯੋਗ ਨਹੀਂ'।

ਕਿਸੇ ਬੇਨਾਮ ਕਿਤਾਬ ਦਾ ਜ਼ਿਕਰ ਕਰਦਿਆਂ, ਲੇਖਕ ਲਿਖਦਾ ਹੈ ਕਿ, 'ਇਹ ਕਿਤੇ ਨਹੀਂ ਲਿਖਿਆ ਕਿ ਪਹਾੜਾ ਸਿੰਘ ਆਪ ਰਿਆਸਤ ਛੱਡ ਕੇ, ਅੰਗ੍ਰੇਜ਼ ਅਧਿਕਾਰੀਆਂ ਕੋਲ ਗਿਆ, ਬਲਕਿ ਉਹ ਤਾਂ ਲੜਾਈ ਸਮੇਂ ਆਪਣੀਆਂ ਫ਼ੌਜਾਂ ਨਾਲ ਲਾਹੌਰ ਸਰਕਾਰ ਦੀਆਂ ਫੌਜਾਂ ਤੋਂ ਰਿਆਸਤ ਨੂੰ ਬਚਾਉਣ ਲਈ ਰਿਆਸਤ ਦੇ ਆਖ਼ਰੀ ਪਿੰਡ ਚੰਦਬਾਜਾ ਵਿੱਚ ਹੀ ਰਿਹਾ। ਮੈਂ ਬੜੀ ਪੜਚੋਲ ਕੀਤੀ ਹੈ ਪਰ ਕਿਸੇ ਭਰੋਸੇਮੰਦ ਤੱਥ ਰਾਹੀਂ, ਪਹਾੜਾ ਸਿੰਘ ਵੱਲੋਂ ਮੁਖਬਰੀ ਕਰਨ ਦੀ ਗੱਲ ਮੈਨੂੰ ਨਹੀਂ ਮਿਲੀ' ।

ਹੁਣ ਜਦੋਂ 'ਫ਼ਰੀਦ ਕੋਟ ਆਰਮੀ' ਕਿਤਾਬ ਬਾਰੇ ਸਮਗਰੀ ਇਕੱਠੀ ਕਰ ਰਿਹਾ ਸਾਂ, ਤਾਂ ਅਚਾਨਕ ਇਸ ਵਿਸ਼ੇ ਤੇ ਇੱਕ ਨਵੀਂ ਗੱਲ ਸਾਹਮਣੇ ਆਈ। ਇਹ ਤੱਥ ਕਿਸੇ ਵੱਡੇ ਖ਼ਾਨਦਾਨ ਦੇ ਲਿਖ਼ਤੀ ਇਤਿਹਾਸ ਬਾਰੇ ਪਰਿਵਾਰ ਕੋਲ਼ ਸਾਂਭੀ ਲਿਖ਼ਤ ਹੈ। ਇਹ ਅੰਗ੍ਰੇਜ਼ੀ
ਵਿੱਚ ਹੈ ਅਤੇ ਸ਼ਾਇਦ ਸੌ ਕੁ ਸਾਲ਼ ਪਹਿਲਾਂ ਜਾਂ ਉਸ ਤੋਂ ਵੀ ਪਹਿਲਾਂ ਛਾਪੀ ਗਈ ਹੈ। ਇਹ ਕਿਸੇ MUIR Printing Works, Ferozepore Cantt. ਛਪੀ ਸੀ। ਇਹ ਪ੍ਰੈੱਸ ਹੁਣ ਮੌਜੂਦ ਨਹੀਂ। ਇਸ ਵਿਚਲੀਆਂ ਸਤਰਾਂ ਜਿਉਂ ਦੀਆਂ ਤਿਉਂ ਇਸ ਤਰ੍ਹਾਂ ਹਨ ਅਤੇ ਨਾਲ ਹੀ ਇਨ੍ਹਾਂ ਦਾ ਪੰਜਾਬੀ ਅਨੁਵਾਦ:-

In 1845 Sardar Mihan Singh was deputed by the Farid Kot Darbar to attend upon Major Broadfoot, Agent to the Governor General as 'Muhtamid'. When the army under the command of Lord Hardings of Lahore had en- camped at Mudki and were pre- paring their meals a mess also going on at the Governor General's Camp, the Sikh Forces were approaching in hot haste intent upon surprising the British Army and putting each and everybody to the sword. Thus it was Mihan Singh with the help of his own resources was informed of Sikh movement and intentions. Immediatly he heid himself to Major Broadfoot and reported the whole thing. In a twinkling the whole scene would have changed, had he not given timely information. The British Army sprang to arms, met the en- emy and greatest danger was averted. As reward for the Service the Governor General was pleased to award S. Mihan Singh Rs.1000/- in cash there and then promised that Sardar of Farid Kot should be made a Raja and that Mihan Singh would receive fur- ther honours. Unfortunately Major Broadfoot was killed in a further action and with that many hopes of Sardar Mihan Singh were frus- trated. But the facts will ever live in history to testify to his services to Government and

the latter's kindness to him. After that S. Mihan Singh sent experienced riders with letters to Commandant Nicholson and enabled him to join the British Army at Ferozepore and brought also Sir John later within forces there. And last though not least in importance, when the Sikhs fled away S. Mihan Singh informed the British of this. For these services he was granted a village of Jagir by State which his descendants still enjoy. These are a few of the many facts connected with S. Mihan Singh's ser- vices.

ਅਨੁਵਾਦ

ਸਰਦਾਰ ਮੀਹਾਂ ਸਿੰਘ ਨੂੰ 1845 ਵਿੱਚ ਰਿਆਸਤ ਫ਼ਰੀਦਕੋਟ ਵੱਲੋਂ ਗਵਰਨਰ ਜਨਰਲ ਦੇ ਏਜੰਟ ਮੇਜਰ ਬਰਾਡਫੁੱਟ ਲਈ ਮੋਹਤਮਿਦ (ਭਰੋ-ਸੇਯੋਗ) ਨਿਯੁਕਤ ਕੀਤਾ ਗਿਆ।

ਜਦੋਂ ਲਾਰਡ ਹਾਰਡਿੰਗਜ਼ (ਲਾਹੌਰ) ਦੀ ਕਮਾਂਡ ਹੇਠ ਅੰਗ੍ਰੇਜ਼ ਫ਼ੌਜ ਮੁੱਦਕੀ ਕੈਂਪ ਵਿੱਚ ਖਾਣਾ ਪਕਾ ਰਹੀ ਸੀ ਤਾਂ ਉਸੇ ਵੇਲ਼ੇ ਗਵਰਨਰ ਜਨਰਲ ਦੇ ਕੈਂਪ ਦੀ ਮੈੱਸ ਵੀ ਚੱਲ ਰਹੀ ਸੀ। ਉਸ ਵਕਤ ਸਿੱਖ ਫ਼ੌਜ ਬੜੀ ਤੇਜ਼ੀ ਨਾਲ਼ ਅੱਗੇ ਵਧ ਰਹੀ ਸੀ ਤਾਂ ਕਿ ਅਚਾਨਕ ਸਾਰਿਆਂ ਨੂੰ ਤਲਵਾਰ ਨਾਲ਼ ਮੌਤ ਦੇ ਘਾਟ ਉਤਾਰਿਆ ਜਾ ਸਕੇ । ਇਹ ਮੀਹਾਂ ਸਿੰਘ, ਜਿਸ ਨੂੰ ਆਪਣੇ ਨਿੱਜੀ ਸਰੋਤਾਂ ਤੋਂ ਸਿੱਖ ਫ਼ੌਜ ਦੀ ਹਰਕਤ ਅਤੇ ਇਰਾਦੇ ਦਾ ਪਤਾ ਲਗ ਗਿਆ ਸੀ, ਇੱਕ ਦਮ ਕਾਹਲੀ ਨਾਲ਼ ਮੇਜਰ ਬ੍ਰਾਡਫੁੱਟ ਕੋਲ਼ ਪਹੁੰਚਿਆ ਅਤੇ ਸਾਰੀ ਗੱਲ ਜਾ ਦੱਸੀ । ਅੱਖ ਦੇ ਫੋਰ ਵਿੱਚ ਸਥਿਤੀ ਬਦਲ ਗਈ । ਅੰਗ੍ਰੇਜ਼ੀ ਫੌਜ ਤਿਆਰ ਹੋ ਗਈ ਅਤੇ ਦੁਸ਼ਮਨ ਨਾਲ਼ ਜਾ ਭਿੜੀ ਜਿਸ ਕਰਕੇ ਬਹੁਤ ਵੱਡਾ ਖ਼ਤਰਾ ਟਲ ਗਿਆ। ਗਵਰਨਰ ਜਨਰਲ ਨੇ ਖ਼ੁਸ਼ ਹੋ ਕੇ ਮੌਕੇ ਤੇ ਹੀ ਮੀਹਾਂ ਸਿੰਘ ਨੂੰ ਇੱਕ ਹਜ਼ਾਰ ਰੁਪਏ ਦਾ ਨਗਦ ਇਨਾਮ ਦਿੱਤਾ ਅਤੇ ਵਾਅਦਾ ਕੀਤਾ ਕਿ ਫ਼ਰੀਦਕੋਟ ਦੇ ਸਰਦਾਰ ਨੂੰ ਰਾਜਾ ਬਣਾ ਦਿੱਤਾ ਜਾਵੇਗਾ ਅਤੇ ਹੋਰ ਸਨਮਾਨ ਦਿੱਤੇ ਜਾਣਗੇ। ਪਰ ਮਾੜੀ ਕਿਸਮਤ ਨਾਲ਼ ਮੇਜਰ ਬਰਾਡਫੁੱਟ ਅਗਲੀ ਲੜਾਈ ਵਿੱਚ ਮਾਰਿਆ ਗਿਆ ਅਤੇ ਸਰਦਾਰ ਮੀਹਾਂ ਸਿੰਘ ਦੀਆਂ ਉਮੀਦਾਂ ਨੂੰ ਬੂਰ ਨਾ ਪਿਆ ।

ਪਰ ਮੀਹਾਂ ਸਿੰਘ ਦੀਆਂ ਗਵਰਨਰ ਜਨਰਲ ਨੂੰ ਦਿੱਤੀਆਂ ਸੇਵਾਵਾਂ ਇਤਿਹਾਸ ਵਿੱਚ ਪੱਕੇ ਤੌਰ ਤੇ ਰਹਿਣਗੀਆਂ ਅਤੇ ਸਰਕਾਰ ਵੱਲੋਂ ਮੀਹਾਂ ਸਿੰਘ ਪ੍ਰਤੀ

ਮਿਹਰਬਾਨੀ ਵੀ ਕਾਇਮ ਰਹੇਗੀ। ਫਿਰ ਸਰਦਾਰ ਮੀਹਾਂ ਸਿੰਘ ਨੇ ਕਮਾਂਡੈਂਟ ਨਿਕਲਸਨ ਵੱਲ ਚਿੱਠੀ ਦੇ ਕੇ ਤੇਜ ਤਰਾਰ ਅਤੇ ਤਜ਼ਰਬੇਕਾਰ ਘੋੜ ਸਵਾਰ ਭੇਜੇ ਅਤੇ ਉਨ੍ਹਾਂ ਦੀ ਮਦਦ ਨਾਲ ਉਹ ਫ਼ਿਰੋਜ਼ਪੁਰ ਛਾਉਣੀ ਵਿੱਚ ਮਿਲ ਸਕਿਆ। ਇਹੀ ਘੋੜ ਸਵਾਰ ਸਰ ਜੌਹਨ ਨੂੰ ਲੈ ਕੇ ਲੜਾਈ ਦੇ ਮੈਦਾਨ ਵਿੱਚ ਐਸਕਾਰਟ ਕਰ ਕੇ ਲਿਆਏ। ਇਹ ਜ਼ਰੂਰੀ ਖ਼ਬਰ ਕਿ ਸਿੱਖ ਭੱਜ ਗਏ ਹਨ, ਵੀ ਸਰਦਾਰ ਮੀਹਾਂ ਸਿੰਘ ਨੇ ਅੰਗ੍ਰੇਜ਼ਾਂ ਨੂੰ ਦੱਸੀ। ਉਸਦੀਆਂ ਇਨ੍ਹਾਂ ਸੇਵਾਵਾਂ ਬਦਲੇ ਸਰਕਾਰ ਵੱਲੋਂ ਉਸ ਨੂੰ ਇੱਕ ਪਿੰਡ ਜਾਗੀਰ ਵੱਜੋਂ ਦਿੱਤਾ ਗਿਆ ਜੋ ਹੁਣ ਤੱਕ ਉਸ ਦੇ ਵੰਸ਼ਜ਼ ਮਾਣ ਰਹੇ ਹਨ।

ਮੀਹਾਂ ਸਿੰਘ ਨਾਲ ਸਬੰਧਤ ਬਹੁਤ ਸਾਰੇ ਤੱਥਾਂ ਵਿੱਚੋਂ ਇਹ ਕੁਝ ਕੁ ਹੀ ਹਨ।

ਨੋਟ: 1. ਕਿਸੇ ਹੋਰ ਲਿਖ਼ਤ ਮੁਤਾਬਿਕ 'ਜਾਗੀਰ' ਵੱਜੋਂ ਦਿੱਤਾ ਗਿਆ ਪਿੰਡ, ਪੱਖੀ ਕਲਾਂ ਦੇ ਨਾਲ਼ ਲਗਦਾ ਪਿੰਡ ਮੱਲੇਵਾਲ ਸੀ। ਅਗਲੀ ਸੋਚ ਵਿਚਾਰ ਪਾਠਕਾਂ, ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਦੇ ਹਵਾਲੇ ਹੈ।

2. ਸਰਦਾਰ ਮੀਹਾਂ ਸਿੰਘ ਦੇ ਨਾਂਅ ਦਾ ਜ਼ਿਕਰ ਪ੍ਰੋ. ਹਰਬੰਸ ਸਿੰਘ ਦੀ ਲਿਖਤ ਫ਼ਰੀਦਕੋਟ ਰਿਆਸਤ ਦਾ ਇਤਿਹਾਸ ਪੁਸਤਕ ਵਿਚ ਵੀ ਹੈ।

ਸੰਨ 1846 ਵਿੱਚ ਸੜਕਾਂ ਬੜੀ ਦੂਰ ਦੂਰ ਸਨ ਤੇ ਥੋੜ੍ਹੀਆਂ ਸਨ। ਇਹ ਤੰਗ ਤੇ ਕੱਚੀਆਂ ਸਨ। 1845 ਨਵੰਬਰ ਨੂੰ ਸ਼ਾਲੀਮਾਰ ਵਿੱਚ ਲਾਲ ਸਿੰਘ ਨੂੰ ਵਜ਼ੀਰ ਤੇ ਤੇਜਾ ਸਿੰਘ ਨੂੰ ਖ਼ਾਲਸਾ ਫੌਜ ਦਾ ਕਮਾਂਡਰ-ਇਨ-ਚੀਫ਼ ਬਣਾਇਆ ਗਿਆ ਅਤੇ ਫਿਰ ਸਤਲੁਜ ਵੱਲ ਮਾਰਚ ਕਰਨ ਦਾ ਖ਼ਾਲਸਾ ਪੰਚਾਂ ਵੱਲੋਂ ਹੁਕਮ ਦਿੱਤਾ ਗਿਆ। ਤੇਜਾ ਸਿੰਘ ਯੂ ਪੀ ਦਾ ਬਣੀਆ ਸੀ ਤੇ ਅੰਗਰੇਜ਼ਾਂ ਨਾਲ਼ ਮਿਲਿਆ ਹੋਇਆ ਸੀ। ਲਾਲ ਸਿੰਘ ਕੋਲ਼ ਘੋੜ ਚੜਿਆ ਤੇ ਤਿੰਨ ਚਾਰ ਤੋਪਾਂ ਦੀ ਕਮਾਂਡ ਸੀ। ਸਾਰੀ ਫੌਜ ਨੇ ਤੇਜਾ ਸਿੰਘ ਦੀ ਕਮਾਂਡ ਵਿੱਚ ਸਤਲੁਜ ਪਾਰ ਕਰ ਫ਼ਿਰੋਜ਼ਪੁਰ ਜਾਣਾ ਸੀ। ਅਸਲ ਵਿੱਚ ਇਸ ਲੜਾਈ ਦਾ ਮੁੱਢ ਅੰਗਰੇਜ਼ੀ ਏਜੰਟ ਮਿਸਟਰ ਮੇਜਰ ਬ੍ਰਾਡਫੁਟ ਜੋ ਸਿੱਖਾਂ ਦਾ ਮਸ਼ਹੂਰ ਦੁਸ਼ਮਣ ਸੀ ਦੀਆਂ ਚਾਲਾਂ ਅਤੇ ਲਾਹੌਰ ਦਰਬਾਰ ਵਿੱਚ ਸਿੱਖ ਫੌਜਾਂ ਦੀ ਆਪਹੁਦਰੀ ਕਾਰਨ ਬਣਿਆ। ਜੇਕਰ ਮਿਸਟਰ ਕਲਾਰਕ ਅੰਗਰੇਜ਼ੀ ਏਜੰਟ ਰਹਿੰਦਾ ਤਾਂ ਕਦੇ ਵੀ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨਾ ਹੁੰਦੀ। ਜਦ ਫੌਜਾਂ ਨੇ ਸਤਲੁਜ ਪਾਰ ਕੀਤਾ ਤਾਂ ਉਸ ਵੇਲੇ ਖ਼ਾਲਸਾ ਫੌਜੀਆਂ ਦੇ ਨਾਲ਼ ਉਹਨਾਂ ਦੇ ਸਹਾਇਕ ਅਤੇ ਰਿਸ਼ਤੇਦਾਰ ਆ ਰਲ਼ੇ। ਇਸ ਤਰ੍ਹਾਂ ਖ਼ਾਲਸਾ ਫੌਜ ਦੀ ਕਾਫੀ ਗਿਣਤੀ ਵੱਧ ਗਈ। 23 ਨਵੰਬਰ ਨੂੰ ਲਾਲ ਸਿੰਘ 23000 ਘੋੜ ਚੜ੍ਹੇ ਤੇ 40 ਤੋਪਾਂ ਲੈ ਕੇ ਲਾਹੌਰ ਤੋਂ ਰਵਾਨਾ ਹੋਇਆ। ਉਸੇ ਦਿਨ ਹੀ ਤੇਜਾ ਸਿੰਘ ਵੀ ਆਪਣੀ ਫੌਜ ਨਾਲ਼ ਸਤਲੁਜ ਵੱਲ ਚੱਲ ਪਿਆ। 13 ਦਸੰਬਰ ਨੂੰ ਸਿੱਖ ਫੌਜਾਂ ਨੇ ਸਤਲੁਜ

ਦਰਿਆ ਪਾਰ ਕਰ ਲਿਆ ਪਰ ਉਹ 16 ਦਸੰਬਰ ਨੂੰ ਇਹਨਾਂ ਨਾਲ਼ ਆ ਕੇ ਰਲਿਆ। ਇੱਥੇ ਲੜਾਈ ਦੇ ਮਾਹਰਾਂ ਦੀ ਰਾਇ ਹੈ ਕਿ ਜੇਕਰ ਸਿੱਖ ਸੈਨਾ ਦਰਿਆ ਪਾਰ ਕਰਦਿਆਂ ਹੀ ਫ਼ਿਰੋਜ਼ਪੁਰ ਤੇ ਹਮਲਾ ਕਰ ਦਿੰਦੀ ਤਾਂ ਸੌਖੇ ਹੀ ਫ਼ਿਰੋਜ਼ਪੁਰ ਨੂੰ ਜਿੱਤ ਲੈਂਦੀ। ਇਸ ਤਰ੍ਹਾਂ ਅੰਗਰੇਜ਼ਾਂ ਨੂੰ ਸੰਭਲਣ ਲਈ ਘੱਟੋ ਘੱਟ 10 ਦਿਨ ਲੱਗ ਜਾਣੇ ਸੀ ਤੇ ਸਿੱਖ ਫੌਜ ਦਾ ਪਲੜਾ ਭਾਰੀ ਹੋਣਾ ਸੀ। ਪਰ ਗ਼ਦਾਰ ਸਿੱਖ ਸੈਨਾਪਤੀਆਂ ਲਾਲ ਸਿੰਘ ਅਤੇ ਤੇਜਾ ਸਿੰਘ ਦੀ ਸਾਜਿਸ਼ ਅਤੇ ਅੰਗਰੇਜ਼ਾਂ ਨਾਲ਼ ਮਿਲੀ ਭੁਗਤ ਕਾਰਨ ਇੰਜ ਨਾ ਹੋਇਆ ਤੇ ਨਾ ਹੀ ਹੋਣਾ ਸੀ। ਦੋਨਾਂ ਗਦਾਰ ਸੈਨਾਪਤੀਆਂ ਦੀ ਮਨਸ਼ਾ ਤਾਂ ਸਿੱਖ ਫੌਜ ਨੂੰ ਤਾਕਤਵਰ ਫੌਜ ਤੋਂ ਤਬਾਹ ਕਰਾਉਣ ਦੀ ਸੀ ਨਾ ਕਿ ਅੰਗਰੇਜ਼ਾਂ ਤੇ ਫ਼ਤਿਹ ਹਾਸਿਲ ਕਰਨ ਦੀ। ਫਿਰੋਜ਼ਪੁਰ ਦੇ ਏਜੰਟ ਕਪਤਾਨ ਨਿਕਲਸਨ ਨੇ ਲਾਲ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਖਾਲਸਾ ਫੌਜ ਨੂੰ ਫ਼ਿਰੋਜ਼ਪੁਰ ਤੇ ਹਮਲਾ ਕਰਨ ਤੋਂ ਰੋਕੇ। ਉਸ ਨੇ ਨੌਕਰਾਂ ਵਾਂਙ ਇਹ ਹੁਕਮ ਮੰਨਿਆ ਤੇ ਜਿਹੜੀ ਖਾਲਸਾ ਫੌਜ ਫ਼ਿਰੋਜ਼ਪੁਰ ਤੇ ਹਮਲਾ ਕਰਨ ਲਈ ਤਿਆਰ ਸੀ ਨੂੰ ਕਿਹਾ ਕਿ 'ਖਾਲਸਾ ਜੀ ਗੁਰੂ ਦਾ ਸਿੰਘ ਸ਼ੇਰ ਹੈ। ਉਹ ਹਾਥੀਆਂ ਦੇ ਝੁੰਡ ਤੇ ਹਮਲਾ ਕਰਦਾ ਨਾ ਕਿ ਬਕਰੀਆਂ ਦੇ, ਤੇ ਮੈਂ ਆਪਣੀ ਫੌਜ ਦੀ ਲੜਾਈ ਲਾਟ ਸਾਹਿਬ ਤੋਂ ਬਿਨਾਂ ਕਿਸੇ ਹੋਰ ਨਾਲ਼ ਲੜਾਉਣਾ ਹੱਤਕ ਸਮਝਦਾ ਹਾਂ'। ਉਸ ਨੇ ਅਜਿਹੀਆਂ ਜੋਸ਼ ਭਰੀਆਂ ਗੱਲਾਂ ਕਰਕੇ ਸਿੱਖ ਫੌਜ ਨੂੰ ਫ਼ਿਰੋਜ਼ਪੁਰ ਵੱਲੋਂ ਮੋੜ ਲਿਆ। 17 ਦਸੰਬਰ ਨੂੰ ਲਾਲ ਸਿੰਘ ਜੋ ਕਿ ਖਾਲਸਾ ਫੌਜ ਦਾ ਕਮਾਂਡਿੰਗ ਅਫਸਰ ਸੀ, ਨੂੰ ਖ਼ਬਰ ਮਿਲੀ ਕਿ ਅੰਗਰੇਜ਼ਾਂ ਦੀ ਛੋਟੀ ਜਿਹੀ ਇੱਕ ਟੁਕੜੀ ਮੁੱਦਕੀ ਪਿੰਡ ਵੱਲ ਆ ਰਹੀ ਹੈ। ਉਧਰ ਤਿੰਨ ਦਸੰਬਰ ਨੂੰ ਗਵਰਨਰ ਜਨਰਲ ਹਾਰਡਿੰਗ ਅੰਬਾਲੇ ਕਮਾਂਡਰ-ਇਨ-ਚੀਫ਼ ਗਫ਼ ਕੋਲ਼ ਪਹੁੰਚ ਗਿਆ। 6 ਦਸੰਬਰ ਨੂੰ ਉਹ ਲੁਧਿਆਣੇ ਆ ਗਿਆ 13 ਦਸੰਬਰ ਨੂੰ ਉਸ ਨੂੰ ਖ਼ਬਰ ਮਿਲੀ ਕਿ ਖ਼ਾਲਸਾ ਫੌਜ ਨੇ ਸਤਲੁਜ ਪਾਰ ਕਰ ਲਿਆ ਹੈ। ਉਸ ਨੇ ਉਸੇ ਦਿਨ ਹੀ ਲਾਹੌਰ ਦਰਬਾਰ ਨਾਲ਼ ਜੰਗ ਦਾ ਐਲਾਨ ਕਰ ਦਿੱਤਾ। 17 ਦਸੰਬਰ ਨੂੰ ਵ੍ਹੀਲਰ ਦੀ ਬ੍ਰਿਗੇਡ ਗਫ਼ ਦੀ ਫੌਜ ਨੂੰ ਮਿਲੀ। ਇਸ ਵਕਤ ਫੌਜ ਵਿੱਚ 12000 ਸੈਨਿਕ ਪੰਜ ਘੋੜ ਸਵਾਰ ਰਜਮੈਂਟਾਂ, 5 ਸਵਾਰ ਤੋਪਾਂ, ਦੋ ਫੀਲਡ ਬੈਟਰੀਆਂ ਤੇ 13 ਇਨਫੈਂਟਰੀ ਬਟਾਲੀਅਨ ਸਨ। ਇਹਨਾਂ ਵਿੱਚ ਚਾਰ ਅੰਗਰੇਜ਼ ਬਟਾਲੀਅਨ ਸਨ। ਇਹਨਾਂ ਨੂੰ ਜਨਰਲ ਥੇਕਵੇਲ ਦੀ ਕਮਾਨ ਹੇਠ ਇੱਕ ਕੈਵਲਰੀ ਤੇ ਜਨਰਲ ਹੈਰੀ ਸਮਿਥ, ਸਰ ਵਾਲਟਰ ਰੈਲੇ ਗਿਲਬਰਟ ਹੇਠ ਤਿੰਨ ਡਿਵੀਜ਼ਨਾਂ ਵਿੱਚ ਗਠਿਤ ਕੀਤਾ ਗਿਆ।

ਉਧਰ ਲਾਲ ਸਿੰਘ ਤੇ ਉਸ ਦੇ ਘੋੜ ਚੜੇ ਸਤਲੁਜ ਪਾਰ ਕਰਕੇ

ਫ਼ਿਰੋਜ਼ਸ਼ਾਹ ਪੁੱਜ ਗਏ ਅਤੇ ਉੱਥੇ ਮੋਰਚਾਬੰਦੀ ਸ਼ੁਰੂ ਕਰ ਦਿੱਤੀ। 18 ਦਸੰਬਰ ਨੂੰ ਅੰਗਰੇਜ਼ ਫੌਜ ਨੇ ਸਿੱਖਾਂ ਦੇ ਮੁੱਦਕੀ ਕੈਂਪ ਤੋਂ ਤਿੰਨ ਮੀਲ ਦੇ ਫਾਸਲੇ ਤੇ ਦੁਪਹਿਰ ਵੇਲ਼ੇ ਆ ਡੇਰੇ ਲਾਏ। ਲਾਲ ਸਿੰਘ ਜੋ ਫ਼ਿਰੋਜ਼ਸ਼ਾਹ ਜੰਗ ਲੜਨੀ ਚਾਹੁੰਦਾ ਸੀ ਵੀ ਮੁੱਦਕੀ ਵੱਲ ਚੱਲ ਪਿਆ। ਉਸ ਦੇ ਸਨੇਹੇ ਤੇ ਤੇਜਾ ਸਿੰਘ ਨੇ ਸਿਰਫ 1200 ਪੈਦਲ ਸੈਨਿਕ ਅਤੇ 16 ਸਵਾਰ ਤੋਪਾਂ ਭੇਜੀਆਂ। ਲਾਲ ਸਿੰਘ ਦੀ ਫੌਜ ਦੀ ਗਿਣਤੀ 40 ਦੇ ਕਰੀਬ ਸੀ ਤੇ 10 ਹਜ਼ਾਰ ਘੋੜ ਚੜ੍ਹੇ, 2000 ਪੈਦਲ ਫੌਜ ਤੇ 22 ਤੋਪਾਂ। 18 ਦਸੰਬਰ ਦੁਪਹਿਰ ਤੱਕ ਲਾਲ ਸਿੰਘ ਸਿੱਖ ਫੌਜਾਂ ਦੇ ਨਾਲ਼ ਮੁੱਦਕੀ ਦੇ ਬਾਹਰ ਪਹੁੰਚ ਗਿਆ ਅਤੇ ਉਸਨੇ ਉੱਥੇ ਕਿਕਰਾਂ ਦੇ ਜੰਗਲ ਵਿੱਚ ਡੇਰਾ ਲਾ ਲਿਆ। ਸਿੱਖ ਫੌਜਾਂ ਦੇ ਆਉਣ ਤੋਂ ਪਹਿਲਾਂ ਹੀ ਫ਼ਰੀਦਕੋਟ ਰਿਆਸਤ ਦੇ ਅੰਗਰੇਜ਼ ਹਮਾਇਤੀਆਂ ਨੇ ਆਲ਼ੇ ਦੁਆਲ਼ੇ ਦੇ ਪਿੰਡਾਂ ਲੁਹਾਮ, ਮਿਰਜ਼ੇ ਕੇ, ਕੱਬਰਵੱਛਾ, ਵਾੜਾ ਭਾਈ, ਸਰਾਂਵਾਲੀ, ਪਤਲੀ ਭੋਲੂਵਾਲਾ ਵਿੱਚ ਢੰਡੋਰਾ ਪਿਟਵਾ ਦਿੱਤਾ ਕਿ ਜਿਸ ਨੇ ਵੀ ਸਿੱਖ ਫੌਜਾਂ ਦੀ ਮਦਦ ਕਰਨ ਦੀ ਕੋਸ਼ਸ਼ ਕੀਤੀ ਉਹਨਾਂ ਨਾਲ਼ ਬਹੁਤ ਹੀ ਬੁਰਾ ਸਲੂਕ ਕੀਤਾ ਜਾਵੇਗਾ। ਸਿੱਖ ਫੌਜਾਂ ਨੇ ਆਉਂਦਿਆਂ ਹੀ ਮੋਰਚੇ ਬਣਾਉਣੇ ਸ਼ੁਰੂ ਕਰ ਦਿੱਤੇ। ਖੁੰਦਕਾਂ ਪੁੱਟੀਆਂ ਅਤੇ ਮੋਰਚਿਆਂ ਵਿੱਚ ਡਟ ਗਏ। ਅੰਗਰੇਜ਼ ਤੇ ਲਾਹੌਰ ਦਰਬਾਰ ਦੀਆਂ ਫੌਜਾਂ ਆਮੋ ਸਾਹਮਣੇ ਸਨ। ਇਹ ਇਲਾਕਾ ਸੰਘਣੀਆਂ ਝਾੜੀਆਂ ਤੇ ਰੇਤ ਦੇ ਟਿੱਬਿਆਂ ਵਾਲ਼ਾ ਹੋਣ ਕਰਕੇ ਅੰਗਰੇਜ਼ਾਂ ਨੂੰ ਸਿੱਖ ਫੌਜਾਂ ਦੀ ਹਿਲਜੁਲ ਦਾ ਪਤਾ ਨਹੀਂ ਸੀ ਲੱਗ ਰਿਹਾ।

ਅੰਗਰੇਜ਼ ਕਮਾਂਡਰ ਬਰੁਕ ਨੇ ਸਿੱਖ ਫੌਜਾਂ ਦਾ ਭੇਤ ਲੈਣ ਲਈ ਪੈਦਲ ਸੈਨਾ ਨੂੰ ਪੰਜ ਘੋੜ ਸਵਾਰਾਂ ਅਤੇ ਤੋਪਖਾਨੇ ਸਮੇਤ ਅੱਗੇ ਵਧਣ ਦਾ ਹੁਕਮ ਦਿੱਤਾ। ਜਨਰਲ ਗਫ਼ ਨੇ ਬ੍ਰਿਗੇਡੀਅਰ ਗਫ਼ ਅਤੇ ਵ੍ਹਾਈਟ ਨੂੰ ਸੱਜੇ ਪਾਸਿਓਂ ਅਤੇ ਬਰਗੇਡੀਅਰ ਮੈਕਟੀਅਰ ਨੂੰ ਖੱਬੇ ਪਾਸਿਓਂ ਮੁਕਾਬਲਾ ਕਰਨ ਦਾ ਹੁਕਮ ਦਿੱਤਾ।

ਸਿੱਖ ਘੋੜ ਚੜ੍ਹੇ ਆਪਣੇ ਕਮਾਂਡਰ ਲਾਲ ਸਿੰਘ ਨੂੰ ਲੱਭਣ ਅਤੇ ਹਮਲਾ ਕਰਨ ਦਾ ਹੁਕਮ ਉਡੀਕਣ ਲੱਗੇ। ਇੰਨੇ ਨੂੰ ਅੰਗਰੇਜ਼ਾਂ ਦੀ ਦੇਸੀ ਫੌਜ (ਪਟਿਆਲਾ, ਨਾਭਾ ਅਤੇ ਫ਼ਰੀਦਕੋਟ ਆਦਿ ਰਿਆਸਤਾਂ ਦੇ ਸਿਪਾਹੀ ਅਤੇ ਪੂਰਬੀਏ )ਇਹਨਾਂ ਵਿੱਚ ਆ ਘੁਸੀ। ਘਮਸਾਨ ਦੇ ਯੁੱਧ ਵਿੱਚ ਆਖ਼ਰ ਨੂੰ ਸਿੱਖ ਘੋੜ ਚੜ੍ਹਿਆ ਨੂੰ ਪਿੱਛੇ ਹਟਣਾ ਪਿਆ। ਉਧਰ ਕੈਵਲਰੀ ਨੇ ਸਿੱਖ ਘੋੜ ਚੜ੍ਹਿਆਂ ਨੂੰ ਹਰਾ ਕੇ ਸਵਾਰ ਤੋਪਖਾਨੇ ਦੇ ਸੱਜੇ ਖੱਬੇ ਪਾਸੇ ਆਪਣੇ ਮੋਰਚੇ ਲਾ ਲਏ। ਖੱਬੇ ਪਾਸੇ ਬ੍ਰਿਗੇਡੀਅਰ ਗਫ਼ ਤੇ ਵ੍ਹਾਈਟ ਤੇ ਖੱਬੇ ਪਾਸੇ ਬਰਗੇਡੀਅਰ ਮੈਕਟੀਅਰ ਸਨ। ਸਿੱਖ ਘੋੜ ਚੜ੍ਹਿਆ ਨੂੰ ਖ਼ਤਮ ਕਰਨ ਤੋਂ ਬਾਅਦ ਉਹ

ਸਿੱਖਾਂ ਦੀਆਂ ਤੋਪਾਂ ਅਤੇ ਪੈਦਲ ਫੌਜ ਨਾਲ਼ ਨਜਿੱਠਣ ਲੱਗੇ। ਤਿੰਨ ਵਜੇ ਦੁਬਾਰਾ ਯੁੱਧ ਸ਼ੁਰੂ ਹੋਇਆ। ਜਲਦੀ ਹੀ ਸਿੱਖ ਫੌਜਾਂ ਦਾ ਹੱਥ ਉੱਪਰ ਹੋ ਗਿਆ। ਡਰੇ ਹੋਏ ਦੇਸੀ ਅਤੇ ਅੰਗਰੇਜ਼ੀ ਸਿਪਾਹੀ ਭੱਜਣ ਲੱਗੇ। ਲਾਹੌਰ ਦਰਬਾਰ ਦੀ ਫੌਜ ਦੇ ਮੁਸਲਮਾਨ ਤੋਪਚੀ ਅੰਗਰੇਜ਼ਾਂ ਤੇ ਅੱਗ ਦੇ ਗੋਲੇ ਵਰਸਾਉਣ ਲੱਗੇ। ਹਨੇਰਾ ਹੋ ਗਿਆ ਅਤੇ ਸਾਰੀ ਲੜਾਈ ਰਾਤ ਦੇ ਹਨੇਰੇ ਵਿੱਚ ਵੀ ਜਾਰੀ ਰਹੀ। ਵ੍ਹੀਲਰ ਦੀ 42ਵੀਂ ਅਤੇ 49ਵੀ ਨੇਟਿਵ ਇਨਫੈਨਟਰੀ ਨੇ ਸਿੱਖਾਂ ਦਾ ਮੁਕਾਬਲਾ ਕਰਨ ਤੋਂ ਗਰੇਜ ਕੀਤਾ ਅਤੇ ਸਰ ਹੈਰੀ ਸਮਿੱਥ ਦੀ ਹੁਕਮ ਅਦੂਲੀ ਕੀਤੀ।

ਹੈਰੀ ਸਮਿੱਥ ਅਤੇ ਦੂਜੀ ਬ੍ਰਿਗੇਡ ਦੇ ਬ੍ਰਿਗੇਡੀਅਰ ਬੇਲਟਨ ਨੂੰ ਵੀ ਕਰੜੇ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। 31ਵੀਂ ਬਰਗੇਡ ਦਾ ਕਮਾਂਡਰ ਲੈਫਟੀਟ ਕਰਨਲ ਜੌਹਨ ਬਰਾਈਟ ਜ਼ਖ਼ਮੀ ਹੋ ਗਿਆ। 31ਵੀਂ ਬ੍ਰਿਗੇਡ ਦੀ ਹੋਂਦ ਖਤਰੇ ਵਿੱਚ ਪੈ ਗਈ। ਉਹਨਾਂ ਨੇ ਸਿੱਖ ਤੋਪਚੀਆਂ ਤੇ ਹਮਲਾ ਕਰ ਦਿੱਤਾ। ਸਿੱਖ ਅਤੇ ਮੁਸਲਿਮ ਤੋਪਚੀਆਂ ਨੇ ਆਖ਼ਰੀ ਦਮ ਤੱਕ ਆਪਣੀ ਤੋਪਾਂ ਨੂੰ ਬਚਾਉਂਦਿਆਂ ਸ਼ਹੀਦੀਆਂ ਪਾ ਲਈਆਂ। ਸੱਜੇ ਪਾਸੇ ਬ੍ਰਿਗੇਡੀਅਰ ਵ੍ਹੀਲਰ ਵੀ ਫੱਟੜ ਹੋ ਗਿਆ। ਗੜ੍ਹ ਦਾ ਕੁਆਰਟਰ ਮਾਸਟਰ ਜਨਰਲ ਸਰ ਰੋਬਰਟ ਸੇਲ ਵੀ ਮਾਰਿਆ ਗਿਆ।

ਸਿੱਖ ਫੌਜ ਦੀ ਗਿਣਤੀ ਥੋੜ੍ਹੀ ਹੋਣ ਦਾ ਅੰਗਰੇਜ਼ਾਂ ਨੂੰ ਲਾਭ ਮਿਲ਼ਿਆ। ਅੰਗਰੇਜ਼ਾਂ ਨੇ ਤੋਪਖਾਨੇ ਦੀ ਸਹਾਇਤਾ ਨਾਲ਼ ਤਿੰਨ ਪਾਸਿਆਂ ਤੋਂ ਹਮਲਾ ਕਰ ਦਿੱਤਾ ਜਿਸ ਕਾਰਨ ਸਿੱਖ ਫੌਜਾਂ ਨੂੰ ਮੋਰਚਿਆਂ ਤੋਂ ਬਾਹਰ ਨਿਕਲ ਕੇ ਸੰਗੀਨਾਂ ਦੀ ਲੜਾਈ ਵੀ ਕਰਨੀ ਪਈ ਤੇ ਮੋਰਚੇ ਖਾਲੀ ਕਰਨੇ ਪਏ। ਸਿੱਖ ਫੌਜੀ ਕੁਝ ਕਦਮ ਪਿੱਛੇ ਹੱਟਦੇ ਤੇ ਫਿਰ ਅੱਗੇ ਵਧ ਕੇ ਬਹਾਦਰੀ ਨਾਲ਼ ਲੜਦੇ। ਸਿੱਖ ਫੌਜ ਦੇ ਦਗੇਬਾਜ਼ ਜਰਨੈਲ ਲਾਲ ਸਿੰਘ ਤੋਂ ਬਿਨਾਂ ਅਯੁੱਧਿਆ ਪ੍ਰਸ਼ਾਦ, ਅਮਰਨਾਥ, ਬਖਸ਼ੀ ਘਨਈਆ ਲਾਲ, ਜਨਰਲ ਚਤਰ ਸਿੰਘ ਕਾਲਿਆਂ ਵਾਲਾ, ਜਨਰਲ ਰਾਮ ਸਿੰਘ ਅਤੇ ਜਨਰਲ ਬੁੱਧ ਸਿੰਘ ਮਸ਼ਹੂਰ ਜਰਨੈਲ ਸਨ। ਇਹਨਾਂ ਦੀ ਪ੍ਰੇਰਨਾ ਤੇ ਸਿੱਖ ਬਹਾਦਰੀ ਨਾਲ਼ ਲੜੇ। ਨਮਕ ਹਰਾਮ ਲਾਲ ਸਿੰਘ ਜੋ ਪਹਿਲਾਂ ਹੀ ਅੰਗਰੇਜ਼ਾਂ ਨਾਲ਼ ਫੈਸਲਾ ਕਰ ਚੁੱਕਾ ਸੀ ਕਿ ਸਿੱਖਾਂ ਨੂੰ ਦੌੜਾ ਕੇ ਲੈ ਜਾਵੇਗਾ। ਜਦੋਂ ਉਸਨੇ ਦੇਖਿਆ ਕਿ ਸਿੱਖ ਅੱਗੇ ਵੱਧ ਰਹੇ ਹਨ ਤੇ ਫ਼ਤਿਹ ਹੋਣ ਵਾਲ਼ੀ ਹੈ। ਉਸ ਨੇ ਆਪਣੇ 4000 ਸਿਪਾਹੀ ਜਿਨਾਂ ਵਿੱਚ ਡੋਗਰੇ ਤੇ ਮੁਸਲਮਾਨ ਵੀ ਸੀ ਲੈ ਕੇ ਮੈਦਾਨ ਵਿੱਚੋਂ ਨਠ ਪਿਆ। ਭਾਵੇਂ ਲਾਲ ਸਿੰਘ ਦੇ ਪਿੱਛੋਂ ਬਖਸ਼ੀ ਘਨਈਆ ਲਾਲ, ਅਯੁੱਧਿਆ ਪ੍ਰਸ਼ਾਦ ਤੇ ਅਮਰਨਾਥ ਆਦਿਕ ਹੋਰ ਵੱਡੇ ਜਰਨੈਲ ਵੀ ਨੱਸ ਗਏ ਪਰ ਸਰਦਾਰ ਚਤਰ ਸਿੰਘ ਤੇ

ਬੁੱਧ ਸਿੰਘ ਪੂਰੀ ਬਹਾਦਰੀ ਨਾਲ ਬੜੀ ਦੇਰ ਤੱਕ ਲੜੇ। ਉਹ ਅਖੀਰ ਤੱਕ ਲਾਲ ਸਿੰਘ ਨੂੰ ਉਡੀਕਦੇ ਰਹੇ ਪਰ ਗਦਾਰ ਲਾਲ ਸਿੰਘ ਦਾ ਤਾਂ ਕੁਝ ਵੀ ਪਤਾ ਨਹੀਂ ਸੀ। ਆਖਰ ਰਾਤ ਦੇ ਹਨੇਰੇ ਨੇ ਜੰਗ ਦਾ ਅੰਤ ਕਰ ਦਿੱਤਾ। ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ ਫੌਜਾਂ ਵਾਪਸ ਮੁੱਦਕੀ ਆ ਗਈਆਂ ਤੇ ਸਿੱਖ ਫੌਜਾਂ ਫ਼ਿਰੋਜ਼ਸ਼ਾਹ ਨੂੰ ਪਰਤ ਗਈਆਂ। ਯੁੱਧ ਮੈਦਾਨ ਖਾਲੀ ਸੀ ਪਹਾੜਾ ਸਿੰਘ ਤੇ ਉਸ ਦੇ ਅਹਿਲਕਾਰਾਂ ਨੇ ਸਿੱਖਾਂ ਨਾਲ਼ ਗ਼ਦਾਰੀ ਕੀਤੀ ਅਤੇ ਅੰਗਰੇਜ਼ਾਂ ਨੂੰ ਖਾਲੀ ਮੈਦਾਨ ਤੇ ਕਬਜ਼ਾ ਕਰਨ ਲਈ ਹੀ ਕਿਹਾ। ਅੰਗਰੇਜ਼ਾਂ ਨੇ ਮੈਦਾਨ ਤੇ ਕਬਜ਼ਾ ਕਰ ਲਿਆ ਤੇ ਆਪਣੀ ਜਿੱਤ ਦੇ ਝੰਡੇ ਗੱਡ ਦਿੱਤੇ।

19 ਦਸੰਬਰ 1845 ਦੀ ਸਵੇਰ ਦੋ ਵਜੇ ਤੱਕ ਗੜ੍ਹ ਲੜਾਈ ਦੇ ਮੈਦਾਨ ਵਿੱਚ ਰਿਹਾ। ਸਾਰੇ ਪਾਸੇ ਦੋਵਾਂ ਧਿਰਾਂ ਦੇ ਸਿਪਾਹੀ ਜ਼ਖਮੀ ਹੋਏ ਅਤੇ ਮਰੇ ਪਏ ਸਨ। ਤੋਪਾਂ ਦੇ ਆਸ ਪਾਸ ਮੁਸਲਮ ਤੋਪਚੀ ਢੇਰ ਹੋਏ ਪਏ ਸਨ। ਜੰਗ ਦਾ ਮੈਦਾਨ ਭਿਆਨਕ ਦ੍ਰਿਸ਼ ਪੇਸ਼ ਕਰ ਰਿਹਾ ਸੀ।

ਇਸ ਜੰਗ ਵਿੱਚ ਅੰਗਰੇਜ਼ਾਂ ਦੇ 215 ਫੌਜੀ ਮਾਰੇ ਗਏ 665 ਜ਼ਖ਼ਮੀ ਹੋਏ। ਮੇਜਰ ਜੌਹਨ ਮਕਾਸਕਿਲ, ਸਰ ਰੋਬਰਟ ਸੇਲ, ਬ੍ਰਿਗੇਡੀਅਰ ਬੇਲਟਨ ਤੇ ਦੋ ਆਲ੍ਹਾ ਅਫ਼ਸਰ,ਹੇਰਿਸ, ਕੈਬਨਿਟ ਮਿਨਿਸਟਰ ਦਾ ਬੇਟਾ ਤੇ ਮੁਨਰੋ ਮਾਰੇ ਗਏ। ਹਿਲੀਅਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮਰਨ ਵਾਲ਼ਿਆਂ ਵਿੱਚ 13 ਅੰਗਰੇਜ਼ ਤੇ ਦੋ ਭਾਰਤੀ ਅਫ਼ਸਰ ਸਨ। ਤੀਜੀ ਲਾਈਟ ਡ੍ਰਾਗਨਸ ਦੇ ਤਿੰਨ ਅਫ਼ਸਰ, 58 ਜਵਾਨ, 105 ਘੋੜੇ ਮਰੇ। 3 ਅਫ਼ਸਰ, 34 ਜਵਾਨ ਅਤੇ 23 ਘੋੜੇ ਜ਼ਖ਼ਮੀ ਹੋਏ। ਚੌਥੀ ਲਾਂਸਰ,5ਵੀਂ ਕੈਵਲਰੀ ਤੇ ਨੌਵੀਂ ਕੈਵਲਰੀ ਦੇ 20 ਜਵਾਨ ਮਰੇ ਤੇ 35 ਜ਼ਖ਼ਮੀ ਹੋਏ। ਸਿੱਖ ਫੌਜ ਦਾ ਇਸ ਤੋਂ ਜ਼ਿਆਦਾ ਨੁਕਸਾਨ ਹੋਇਆ। ਸਿੱਖ ਫੌਜ ਦਾ ਕੋਈ ਵੀ ਮਾਲਕ ਜਾਂ ਅਫ਼ਸਰ ਨਹੀਂ ਸੀ ਜੋ ਇਹਨਾਂ ਦੇ ਫਟੜਾਂ ਜਾਂ ਮਰਨ ਵਾਲ਼ਿਆਂ ਦੀ ਗਿਣਤੀ ਕਰਦਾ। ਜਿਹੜੇ ਸਿੱਖ ਫੱਟੜ ਸਨ, ਦਿਨ ਚੜ੍ਹਦੇ ਤਹੀ ਉਹਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਲੁਟੇਰਿਆਂ ਨੇ ਉਹਨਾਂ ਦੇ ਕੱਪੜੇ ਤੇ ਨਗਦੀ ਵੀ ਲੁੱਟ ਲਈ। ਰਾਜਾ ਲਾਲ ਸਿੰਘ ਗਿੱਦੜਾਂ ਵਾਂਙ ਨੱਸ ਕੇ ਸਤਲੁਜ ਦੇ ਪਾਰ ਜੰਗਲਾਂ ਵਿੱਚ ਲੁਕ ਗਿਆ ਤੇ ਦੂਸਰੇ ਦਿਨ ਸੰਧਿਆ ਵੇਲੇ ਸਿੱਖ ਫੌਜ ਦੇ ਕੈਂਪ ਵਿੱਚ ਆਇਆ। ਅਮਰਨਾਥ ਅਤੇ ਦੂਸਰੇ ਜਰਨੈਲ ਤੀਜੇ ਦਿਨ ਆਏ। ਜਨਰਲ ਮਹਿਤਾਬ ਸਿੰਘ ਬੁੱਧ ਸਿੰਘ ਤੇ ਸੁਚੇਤ ਸਿੰਘ ਨੇ ਸਿੱਖ ਫੌਜ ਨੂੰ ਸੰਭਾਲਿਆ ਤੇ ਹੌਸਲਾ ਦਿੱਤਾ। ਮੁੱਦਕੀ ਦੀ ਇਸ ਲੜਾਈ ਵਿੱਚ ਸਿੱਖਾਂ ਦੀਆਂ ਸਾਰੀਆਂ 16 ਤੋਪਾਂ ਅੰਗਰੇਜ਼ਾਂ ਨੇ ਕਬਜ਼ੇ ਵਿੱਚ ਕਰ ਲਈਆਂ। ਭੁੱਖੀ ਭਾਣੀ ਅੰਗਰੇਜ਼ ਫੌਜ ਨੇ 19 ਦਸੰਬਰ ਨੂੰ 48 ਘੰਟੇ ਬਾਅਦ ਖਾਣਾ ਖਾਧਾ। ਇਸ ਜੰਗ ਵਿੱਚ ਮਕਾਸਕਿਲ ਦੇ ਮਰਨ ਤੋਂ ਬਾਅਦ

ਹਾਰਡਿੰਗ ਨੇ ਤੀਜੀ ਡਿਵੀਜ਼ਨ ਦੀ ਕਮਾਂਡ ਸੰਭਾਲ਼ੀ।

ਅੰਗਰੇਜ਼ਾਂ ਤੇ ਸਿੱਖਾਂ ਦੀ ਇਹ ਪਹਿਲੀ ਜੰਗ ਇਤਿਹਾਸ ਨੂੰ ਬਦਲਣ ਵਿੱਚ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਮੁੱਦਕੀ ਦੀ ਇਸ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋਏ ਫੌਜੀਆਂ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਸਥਾਪਿਤ ਹੈ। ਅੰਗਰੇਜ਼ ਫੌਜੀਆਂ ਦੀ ਯਾਦ ਵਿੱਚ ਉਹਨਾਂ ਵੱਲੋਂ ਇੱਕ ਲਾਠ ਦਾ ਨਿਰਮਾਣ ਕੀਤਾ ਗਿਆ। ਜਿਸ ਥਾਂ ਤੇ ਪਾਣੀ ਦੀ ਖੱਡ ਸੀ ਜਿੱਥੇ ਅੰਗਰੇਜ਼ ਫੌਜਾਂ ਦੇ ਡੇਰੇ ਲਾਏ ਸੀ ਉਸ ਦਾ ਥੋੜ੍ਹਾ ਜਿਹਾ ਨਿਸ਼ਾਨ ਅਜੇ ਬਾਕੀ ਹੈ। ਆਲ਼ੇ ਦੁਆਲ਼ੇ ਜੋ ਟਿੱਬੇ ਅਤੇ ਕਿੱਕਰਾਂ ਦਾ ਜੰਗਲ ਸੀ ਉੱਥੇ ਹੁਣ ਲਹਿਰਾਉਂਦੇ ਖੇਤ ਅਤੇ ਅਬਾਦੀ ਹੈ। ਉਸ ਜੰਗ ਦੇ ਮੈਦਾਨ ਦੇ ਨੇੜੇ ਮੁੱਦਕੀ, ਪਤਲੀ, ਭੋਲੂਵਾਲਾ, ਲੁਹਾਮ, ਮਿਰਜ਼ੇ ਕੇ,ਵਾੜਾ ਭਾਈ ਅਤੇ ਕੱਬਰਵੱਛਾ ਪਿੰਡਾਂ ਦੀਆਂ ਹੱਦਾਂ ਲੱਗਦੀਆਂ ਹਨ। ਮੁੱਦਕੀ ਨੇੜੇ ਅੰਗਰੇਜ਼ ਸਿਪਾਹੀਆਂ ਦੀ ਯਾਦਗਾਰ ਤੇ ਪੁਰਾਤਤ ਵਿਭਾਗ ਵੱਲੋਂ ਇੱਕ ਚੌਂਕੀਦਾਰ ਨਿਯੁਕਤ ਕੀਤਾ ਗਿਆ ਹੈ ਜੋ ਉਸ ਦੀ ਸਾਂਭ ਸੰਭਾਲ਼ ਕਰਦਾ ਹੈ। ਮੁੱਦਕੀ ਪਿੰਡ ਵਿੱਚ ਅੰਗਰੇਜ਼ਾਂ ਦੀਆਂ ਕਬਰਾਂ ਤੇ ਅੱਜ ਵੀ ਆਪਣੇ ਵਡੇਰਿਆਂ ਨੂੰ ਸਿਜਦਾ ਕਰਨ ਲਈ ਅੰਗਰੇਜ਼ ਆਉਂਦੇ ਨੇ।

ਪਿੰਡ ਵਿੱਚ ਸਰਦਾਰ ਕਰਤਾਰ ਸਿੰਘ ਨੰਬਰਦਾਰ ਦੇ ਘਰ ਵਿੱਚ ਫਾਦਰ ਫਰਾਂਸਿਸ ਏਤੀਏਨ ਦੀ ਕਬਰ ਅੱਜ ਵੀ ਮੌਜੂਦ ਹੈ। ਇਸ ਜਗ੍ਹਾ ਨੂੰ ਨੰਬਰਦਾਰ ਕਰਤਾਰ ਸਿੰਘ ਦੇ ਪੁੱਤਰ ਸਰਦਾਰ ਹਰਦੀਪ ਸਿੰਘ, ਸੁਖਦੀਪ ਸਿੰਘ ਨੰਬਰਦਾਰ ਅਤੇ ਜਸਵਿੰਦਰ ਸਿੰਘ ਵੱਲੋਂ ਉਹਨਾਂ ਦੀ ਯਾਦ ਨੂੰ ਸਮਰਪਿਤ ਕਰਦਿਆਂ ਦਾਨ ਵਜੋਂ ਦਿੱਤੀ ਜਿੱਥੇ ਇੱਕ ਸੁੰਦਰ ਯਾਦਗਾਰ ਬਣ ਗਈ ਹੈ। ਇਸ ਕਬਰ ਅਤੇ ਯਾਦਗਾਰ ਦੀ ਸੰਭਾਲ਼ ਫਾਦਰ ਐਗਨਿਸ,ਸੰਦੀਪ ਬਾਬੂ ਜੀ, ਜੋਗਿੰਦਰ ਸੋਨੂ ਤੇ ਕੁਲਦੀਪ ਕਰ ਰਹੇ ਹਨ। 7 ਜੁਲਾਈ 1812 ਨੂੰ ਲਿਓਨ ਸ਼ਹਿਰ ਤੋਂ 60 ਕਿਲੋਮੀਟਰ ਦੂਰ ਪਰਗਨਾ ਵਿੱਚ ਫਾਦਰ ਫਰਾਂਸਿਸ ਏਤੀਏਨ ਦਾ ਜਨਮ ਹੋਇਆ। ਉਹ ਇੱਕ ਮਿਸ਼ਨਰੀ ਵਜੋਂ ਆਇਰਿਸ਼ ਸਿਪਾਹੀਆਂ ਨਾਲ਼ ਪੰਜਾਬ ਆਇਆ। 18 ਦਸੰਬਰ 1845 ਨੂੰ ਜਦ ਉਹ ਅੰਗਰੇਜ਼ ਸਿਪਾਹੀਆਂ ਦੀ ਮਲਮ ਪੱਟੀ ਕਰ ਰਿਹਾ ਸੀ ਤਾਂ ਜੰਗ ਦੇ ਮੈਦਾਨ ਵਿੱਚ ਫੌਜਾਂ ਦੀ ਗੋਲਾਬਾਰੀ ਦੀ ਲਪੇਟ ਵਿੱਚ ਆ ਕੇ ਅਕਾਲ ਚਲਾਣਾ ਕਰ ਗਿਆ। ਇਹਨਾਂ ਦੀ ਕਬਰ ਵਾਲੀ ਜਗ੍ਹਾ ਤੇ ਇੱਕ ਸੁੰਦਰ ਭਵਨ ਦਾ ਨਿਰਮਾਣ ਹੋ ਚੁੱਕਾ ਹੈ।

ਦੂਜੇ ਪਾਸੇ ਉਹਨਾਂ ਗੁੰਮਨਾਮ ਯੋਧਿਆਂ ਜਿਨਾਂ ਨੇ ਦੇਸ਼ ਕੌਮ ਲਈ ਆਪਣੀਆਂ ਜਾਨਾਂ ਵਾਰੀਆਂ ਦੀ ਕੋਈ ਢੁੱਕਵੀਂ ਬਹੁਤ ਵੱਡੀ ਯਾਦਗਾਰ ਨਹੀਂ। ਸ੍ਰ.ਲੱਖਾ ਸਿੰਘ ਵਾਸੀ ਪਿੰਡ ਕਾਕੜ ਕਲਾਂ ਜ਼ਿਲ੍ਹਾ ਜਲੰਧਰ ਅਤੇ ਪਿੰਡ

ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਰਦਾਰ ਖੜਕ ਸਿੰਘ ਅਤੇ ਸਰਦਾਰ ਹਾਕਮ ਸਿੰਘ ਦੇ ਇਥੇ ਸ਼ਹੀਦ ਹੋਣ ਦੇ ਵੇਰਵੇ ਉਹਨਾਂ ਦੇ ਪਰਿਵਾਰਾਂ ਤੋਂ ਮਿਲਦੇ ਹਨ। ਇਸ ਤੋਂ ਇਲਾਵਾ ਘੋਲੀਆ ਕਲਾਂ ਤੋਂ ਬਾਬਾ ਸੁਹੇਲ ਸਿੰਘ ਤੇ ਉਨਾਂ ਦੇ ਪੰਜ ਹੋਰ ਸਾਥੀਆਂ ਦੇ ਸ਼ਹੀਦ ਹੋਣ ਬਾਰੇ ਪਤਾ ਲੱਗਾ ਹੈ।ਰੋਡਿਆਂ ਤੋਂ ਵੀ ਪੰਜ ਸਿੰਘਾਂ ਦੇ ਇਸ ਮੁੱਦਕੀ ਦੀ ਲੜਾਈ ਵਿੱਚ ਹਿੱਸਾ ਲੈਣ ਤੋਂ ਬਾਅਦ ਘਰ ਪਰਤਣ ਤੇ ਅੰਗਰੇਜ਼ਾਂ ਵੱਲੋਂ ਉਹਨਾਂ ਨੂੰ ਕਿਸੇ ਅਣਦੱਸੇ ਥਾਂ ਤੇ ਲਜਾਇਆ ਗਿਆ ਜਿਨਾਂ ਦੀ ਕੋਈ ਉਘਸੁੱਗ ਨਹੀਂ ਮਿਲੀ। ਸਥਾਨਕ ਇਲਾਕਾ ਨਿਵਾਸੀਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਤਾਮੀਰ ਕਰਵਾ ਕੇ ਉਹਨਾਂ ਨੂੰ ਸ਼ਰਧਾਂਜਲੀ ਦੇਣ ਦਾ ਆਪਣੇ ਤੌਰ ਤੇ ਯਤਨ ਕੀਤਾ ਗਿਆ ਹੈ ਪਰ ਸਰਕਾਰ ਵੱਲੋਂ ਇਸ ਵੱਲ ਕੋਈ ਤਵੱਜੋ ਨਹੀਂ ਦਿੱਤੀ ਗਈ। ਇਸ ਪਹਿਲੀ ਜੰਗ ਤੋਂ ਕਾਫੀ ਸਮੇਂ ਬਾਅਦ ਸੰਤ ਬਾਬਾ ਸਾਹਿਬੇਗ ਸਿੰਘ ਜਦ ਇਸ ਇਲਾਕੇ ਵਿੱਚ ਆਏ ਤਾਂ ਉਹਨਾਂ ਨੇ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਾਉਣ ਬਾਰੇ ਸੋਚਿਆ। ਉਨਾਂ ਦੀ ਪ੍ਰੇਰਨਾ ਤੇ ਸਰਦਾਰ ਬਚਿੱਤਰ ਸਿੰਘ ਤਹਿਸੀਲਦਾਰ ਪੁੱਤਰ ਸਰਦਾਰ ਵੀਰ ਸਿੰਘ ਤਹਿਸੀਲਦਾਰ ਨੇ ਆਪਣੀ ਤਿੰਨ ਘੁਮਾਂ ਜਮੀਨ ਦਾਨ ਦੇ ਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸ਼ੁਰੂਆਤ ਕਰਵਾਈ।

ਇੱਥੇ ਸ਼ਹੀਦ ਹੋਣ ਵਾਲ਼ੇ ਸੂਰਬੀਰਾਂ ਵਿੱਚੋਂ ਕਿਸੇ ਇੱਕ ਦਾ ਨਾਮ ਵੀ ਸਥਾਨਕ ਲੋਕ ਨਹੀਂ ਜਾਣਦੇ। ਜੰਗੀ ਸ਼ਹੀਦਾਂ ਨੂੰ ਸਮਰਪਿਤ ਅਤੇ ਜੰਗੀ ਸਾਜ਼ੋ ਸਮਾਨ ਨੂੰ ਸੰਭਾਲਣ ਲਈ ਪਿੰਡ ਘੱਲ ਖੁਰਦ ਵਿਖੇ ਜੋ ਅਜਾਇਬਘਰ ਬਣਾਇਆ ਗਿਆ ਹੈ ਉੱਥੇ ਵੀ ਇਹਨਾਂ ਸ਼ਹੀਦਾਂ ਦੀ ਕੋਈ ਲਿਸਟ ਨਹੀਂ ਲਾਈ ਗਈ ਜਿਸ ਤੋਂ ਸਾਨੂੰ ਪਤਾ ਲੱਗ ਸਕੇ ਕਿ ਇਹਨਾਂ ਪਿੰਡਾਂ ਦੇ ਵੀ ਸੂਰਬੀਰ ਇਸ ਜੰਗ ਵਿੱਚ ਸ਼ਹੀਦ ਹੋਏ ਹਨ ਜਾਂ ਨਹੀਂ। ਇਤਿਹਾਸ ਵਿੱਚ ਇਹ ਵੀ ਮਿਲਦਾ ਹੈ ਕਿ ਸੁਹਾਣਾ ਤੋਂ ਸੰਤ ਬਾਬਾ ਹਨੂੰਮਾਨ ਸਿੰਘ ਜੀ ਨੂੰ ਜਦ ਅੰਗਰੇਜ਼ਾਂ ਤੇ ਸਿੱਖਾਂ ਦੇ ਇਸ ਯੁੱਧ ਦਾ ਪਤਾ ਲੱਗਾ ਤਾਂ ਉਹ ਉਥੋਂ ਆਪਣੇ ਸੈਨਿਕ ਸਾਥੀਆਂ ਦੇ ਨਾਲ਼ ਇੱਥੇ ਪਹੁੰਚੇ ਅਤੇ ਉਹਨਾਂ ਨੇ ਇਸ ਜੰਗ ਵਿੱਚ ਆਪਣੀ ਤੇਗ ਦੇ ਜੌਹਰ ਦਿਖਾਉਂਦੇ ਹੋਇਆ ਅੰਗਰੇਜ਼ਾਂ ਦਾ ਬੜੀ ਬਹਾਦਰੀ ਨਾਲ਼ ਟਾਕਰਾ ਕੀਤਾ।ਹਰ ਸਾਲ ਇਸ ਜੰਗ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਮੁੱਦਕੀ ਅਤੇ ਆਸ ਪਾਸ ਦੇ ਇਲਾਕੇ ਦੇ ਨਿਵਾਸੀਆਂ ਵੱਲੋਂ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ।

## ਅੰਗਰੇਜ਼-ਸਿੱਖ ਯੁੱਧ ਬਿਰਤਾਂਤ-2

ਮੁੱਦਕੀ ਦੀ ਜੰਗ 18-19 ਦਸੰਬਰ ਵਾਲ਼ੀ ਰਾਤ ਖਤਮ ਹੋ ਗਈ ਸੀ ਅਤੇ ਸਿੱਖ ਫੌਜਾਂ ਪਿੱਛੇ ਹੱਟ ਗਈਆਂ। ਕੋਈ ਉਹਨਾਂ ਨੂੰ ਕਮਾਂਡ ਦੇਣ ਵਾਲ਼ਾ ਨਾ ਹੋਣ ਕਰਕੇ ਉਹ ਮੈਦਾਨ ਛੱਡ ਕੇ ਫ਼ਿਰੋਜ਼ਸ਼ਾਹ ਆ ਗਏ ਸੀ। ਇਸ ਪਿੰਡ ਨੂੰ ਫਿਰੋਜਸ਼ਾਹ ਅਤੇ ਫੇਰੂ ਸ਼ਹਿਰ ਦੋਹਾਂ ਨਾਵਾਂ ਨਾਲ਼ ਜਾਣਿਆ ਜਾਂਦਾ ਹੈ।

(ਬਾਦਸ਼ਾਹ ਫ਼ਿਰੋਜ਼ਸ਼ਾਹ ਤੁਗਲਕ 1308-1388) ਤੁਗਲਕ ਵੰਸ ਵਿਚੋਂ ਮੱਧਕਾਲ ਸਮੇਂ ਦਿੱਲੀ ਸਲਤਨਤ ਦਾ ਬਾਦਸ਼ਾਹ ਸੀ। ਉਹ ਕਿਸੇ ਭਿਆਨਕ ਬਿਮਾਰੀ ਤੋਂ ਪੀੜਤ ਸੀ। ਕਿਸੇ ਹਕੀਮ (ਵੈਦ) ਨੇ ਉਸ ਨੂੰ ਦੱਸਿਆ ਕਿ ਉਸ ਨੂੰ ਕਿਸੇ ਅਜਿਹੀ ਥਾਂ ਤੇ ਜਾਣਾ ਪਵੇਗਾ ਜਿੱਥੇ, ਨਿੰਮ, ਅੱਕ,ਧਤੂਰਾ,ਕੌੜਤੁੰਮੇ ਅਤੇ ਹੋਰ ਜੜੀ-ਬੂਟੀਆਂ ਮਿਲ਼ਣ। ਸਰੀਰਕ ਤੰਦਰੁਸਤੀ ਵਾਸਤੇ ਇਹ ਸਾਰੀਆਂ ਚੀਜ਼ਾਂ ਬਹੁਤ ਜ਼ਰੂਰੀ ਹਨ। ਸੋ 1360 ਈ. ਵਿੱਚ ਫ਼ਿਰੋਜ਼ਸ਼ਾਹ ਤੁਗਲਕ ਨੇ ਆਪਣੀ ਤੰਦਰੁਸਤੀ ਲਈ ਮਾਲਵੇ ਦੇ ਇਸ ਇਲਾਕੇ ਅਤੇ ਸਤਲੁਜ ਦਰਿਆ ਦੇ ਨਾਲ਼ ਲੱਗਦੇ ਇਸ ਖਿੱਤੇ (ਇਲਾਕੇ) ਵਿੱਚ ਕਈ ਮਹੀਨਿਆਂ ਲਈ ਪੜਾਅ ਕਰ ਲਿਆ। ਕਿਉਂਕਿ ਇਸ ਇਲਾਕੇ ਵਿੱਚ ਹਕੀਮਾਂ ਦੁਆਰਾ ਦੱਸੀਆਂ ਸਾਰੀਆਂ ਜੜੀ-ਬੂਟੀਆਂ ਅਤੇ ਪੇੜ-ਪੌਦੇ ਮੌਜੂਦ ਸਨ। ਪਿੰਡ ਫ਼ਿਰੋਜ਼ਸ਼ਾਹ ਵਾਲ਼ੀ ਥਾਂ 'ਤੇ ਕਈ ਮਹੀਨੇ ਰਹਿਣ ਕਰਕੇ ਇਸ ਥਾਂ ਦਾ ਨਾਂ ਫ਼ਿਰੋਜ਼ਸ਼ਾਹ ਪੈ ਗਿਆ। ਪੁਰਾਣੇ ਬਜੁਰਗਾਂ ਦੀ ਦੰਦ ਕਥਾ ਅਨੁਸਾਰ, ਜਿੱਥੇ ਪਿੰਡ ਬੱਝਾ ਹੈ ਉੱਥੇ ਬਾਦਸ਼ਾਹ ਨੇ ਆਪਣੇ ਬੈਠਣ ਅਤੇ ਦਰਬਾਰ ਲਾਉਣ ਲਈ ਇੱਕ ਉੱਚਾ ਮਿੱਟੀ ਦਾ ਥੜਾ ਬਣਵਾਇਆ ਸੀ। ਇਸ ਕਰਕੇ ਇਸ ਥਾਂ ਦਾ ਨਾਂ ਫ਼ਿਰੋਜ਼ਸ਼ਾਹ ਪੈ ਗਿਆ। ਤਿੰਨ ਕਿਲੋਮੀਟਰ ਦੂਰ ਜਿੱਥੇ ਉਸ ਦੇ ਪਰਿਵਾਰ ਅਤੇ ਸ਼ਾਹੀ ਫੌਜਾਂ ਦੀ ਰਿਹਾਇਸ਼ ਸੀ, ਉੱਥੇ ਉਸ ਦੀ ਸ਼ਹਿਜਾਦੀ (ਧੀ) ਦੇ ਨਾਂ ਤੇ ਪਿੰਡ ਸ਼ਹਿਜਾਦੀ ਬੱਝ ਗਿਆ।

ਕਾਫੀ ਸਮਾਂ ਬਾਅਦ ਜ਼ੀਰਾ ਦੇ ਨੇੜਲੇ ਪਿੰਡ ਮਨਸੂਰਦੇਵਾ ਤੋਂ ਆ ਕੇ ਗਿੱਲ ਜੱਟਾਂ ਦੇ ਵਡੇਰੇ ਬਾਬਾ ਸ਼ੇਰ ਸਿੰਘ ਨੇ ਇੱਥੇ ਆ ਕੇ ਮੋਹੜੀ ਗੱਡੀ ਅਤੇ ਪਿੰਡ ਬੰਨਿਆ ਤੇ ਪਿੰਡ ਦਾ ਨਾਂ ਫ਼ਿਰੋਜ਼ਸ਼ਾਹ ਪੈ ਗਿਆ।)

ਇੱਥੇ ਅੰਗਰੇਜ਼ ਫੌਜੀਆਂ ਨੇ ਇੱਕ ਦਿਨ ਆਰਾਮ ਕੀਤਾ। ਉਸ ਸਮੇਂ ਤੱਕ 29ਵੀਂ ਫੁੱਟ ਰਜਮੈਂਟ ਵੀ ਉਹਨਾਂ ਕੋਲ਼ ਆ ਪਹੁੰਚੀ। ਪਹਿਲੀ ਬੰਗਾਲ ਯੂਰਪੀ ਲਾਈਟ ਇਨਫੈਂਟਰੀ , ਗਿਆਰਵੀਂ ਨੇਟਿਵ ਇਨਫੈਂਟਰੀ ਅਤੇ 41ਵੀਂ ਨੇਟਿਵ ਇਨਫੈਂਟਰੀ ਕੁੱਲ 15000 ਫੌਜੀ ਆ ਗਏ। ਗੱਫ ਨੂੰ ਚਾਰ ਇਨਫੈਂਟਰੀ ਪਲਟਣਾ ਤੇ ਵੱਡੀਆਂ ਤੋਪਾਂ ਮਿਲ਼ ਗਈਆਂ। ਮੁੱਦਕੀ ਵਿੱਚ ਮਰਨ ਵਾਲ਼ੇ ਕਮਾਂਡਰ ਦੀ ਥਾਂ ਕਰਨਲ ਰਿਆਨ ਵ੍ਹੀਲਰ ਦੀ ਥਾਂ ਤੇ ਹਿਕਸ ਬੋਲਟਨ ਬ੍ਰਿਗੇਡੀਅਰ ਬਣੇ। ਜਨਰਲ ਮਕਾਸਕਿਲ ਦੀ ਥਾਂ ਬਰਗੇਡੀਅਰ

ਵਾਲਿਸ ਨੇ ਕਮਾਨ ਸੰਭਾਲ਼ੀ। ਗਫ਼ ਦਿਨ ਦੇ ਚਾਨਣੇ ਹਮਲਾ ਕਰਨਾ ਚਾਹੁੰਦਾ ਸੀ। ਸਿੱਖਾਂ ਨੇ ਵੀ ਆਪਣੀ ਫੌਜ ਇਕੱਠੀ ਕੀਤੀ ਅਤੇ ਫਿਰੋਜ਼ਸ਼ਾਹ ਵਿੱਚ ਮੋਰਚਾਬੰਦੀ ਕਰਦੇ ਹੋਏ ਖਾਈਆਂ ਖੋਦੀਆਂ। ਉਹਨਾਂ ਡੇਢ ਮੀਲ ਲੰਬੇ ਤੇ ਇੱਕ ਮੀਲ ਚੌੜੇ ਦਾਇਰੇ ਵਿੱਚ ਮੋਰਚਾਬੰਦੀ ਕਰ ਲਈ। ਕੁਝ ਸਿੱਖ ਫੌਜਾਂ ਫ਼ਿਰੋਜ਼ਸ਼ਾਹ ਦੇ ਲਾਗਲੇ ਪਿੰਡ ਮਿਸ਼ਰੀ ਵਾਲ਼ਾ ਕੋਲ਼ ਮੋਰਚੇ ਲਾ ਕੇ ਬੈਠ ਗਏ। ਦੁਪਹਿਰ ਦੇ ਡੇਢ ਵਜੇ ਅੰਗਰੇਜ਼ ਫੌਜਾਂ ਵੀ ਲਿਟਰਲ ਅਤੇ ਗਫ਼ ਦੀ ਅਗਵਾਈ ਵਿੱਚ ਮਿਸ਼ਰੀ ਵਾਲ਼ੇ ਤੱਕ ਪਹੁੰਚ ਗਈਆਂ। ਦੋ ਨੇਟਿਵ ਇਨਫੈਂਟਰੀ ਰਾਜਮੈਂਟਾਂ ਉਹਨਾਂ ਨੇ ਪਿੱਛੇ ਛੱਡ ਦਿੱਤੀਆਂ। ਗਫ਼ ਨੇ ਅੱਧੇ ਚੰਨ ਦੀ ਸ਼ਕਲ ਵਿੱਚ ਆਪਣੀ ਫੌਜ ਖੜੀ ਕੀਤੀ ਜਿਸ ਵਿੱਚ ਗਿੱਲ ਬਰਟ ਲੁਧਿਆਣੇ ਵਾਲੇ ਪਾਸਿਓਂ, ਬ੍ਰਿਗੇਡੀਅਰ ਟੇਲਰ ਸੱਜੇ ਪਾਸਿਓਂ, ਬ੍ਰਿਗੇਡੀਅਰ ਮਕਲਾਰੇਨ ਖੱਬੇ ਪਾਸਿਓਂ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ। ਬ੍ਰਿਗੇਡੀਅਰ ਵਾਲਿਸ ਆਪਣੀਆਂ ਵੱਡੀਆਂ ਨੌ ਪੌਂਡਰਾਂ ਨਾਲ਼ ਵਿਚਕਾਰ ਖੜ ਗਿਆ। ਤੇਜਾ ਸਿੰਘ ਆਪਣੀ ਫੌਜ ਦੇ ਨਾਲ਼ ਫਿਰੋਜ਼ਪੁਰ ਹੀ ਟਿਕਿਆ ਰਿਹਾ। ਲਿਟਲਰ ਤੇ ਗਫ਼ ਨੂੰ ਉਸ ਨੇ ਮਿਲਣ ਦਾ ਪੂਰਾ ਮੌਕਾ ਦਿੱਤਾ। ਲਾਲ ਸਿੰਘ ਸਿੱਖ ਫੌਜੀਆਂ ਦੇ ਨਾਲ਼ ਫਿਰੋਜ਼ਸ਼ਾਹ ਵਿੱਚ ਮੋਰਚਾ ਬੰਦੀ ਕਰਨ ਲੱਗ ਪਿਆ। ਉਸ ਦੀਆਂ 40 ਫੀਲਡ ਗੰਨਾਂ ਅਤੇ 10 ਹਜਾਰ ਘੋੜ ਚੜ੍ਹੇ ਪਹਿਲਾਂ ਹੀ ਫਿਰੋਜ਼ਸ਼ਾਹ ਵਿੱਚ ਮੌਜੂਦ ਸਨ। ਫੌਜ-ਏ-ਐਨ ਦੀਆਂ ਤਿੰਨ ਬ੍ਰਿਗੇਡਾਂ ਵੀ ਉਹਨਾਂ ਨਾਲ਼ ਆ ਰਲੀਆਂ - ਪਹਿਲੀ ਦੀਵਾਨ ਅਯੁੱਧਿਆ ਪ੍ਰਸ਼ਾਦ, ਦੂਜੀ ਮਹਿਤਾਬ ਸਿੰਘ ਤੇ ਤੀਜੀ ਬਹਾਦਰ ਸਿੰਘ ਦੀ ਬ੍ਰਿਗੇਡ। ਫਿਰੋਜ਼ਸ਼ਾਹ ਵਿੱਚ ਸਿੱਖ ਫੌਜਾਂ ਦੇ ਅੰਦਾਜ਼ਨ 11527 ਘੋੜ ਚੜ੍ਹੇ ਸਨ। ਇੱਥੇ ਲਾਹੌਰ ਦਰਬਾਰ ਦੇ 12 ਬਕਾਇਦਾ ਪੈਦਲ ਬਟਾਲੀਅਨਾਂ (10285 ਸੈਨਿਕ), ਚਾਰ ਬਕਾਇਦਾ ਰਸਾਲੇ (3166), 60 ਤੋਪਾਂ ਅਤੇ 1800 ਗੰਨਰ ਅਤੇ ਇਸ ਤੋਂ ਇਲਾਵਾ ਫੌਜ-ਏ-ਗੈਰ ਦੇ ਸੈਨਿਕ ਵੀ ਸਨ। ਜਗੀਰਦਾਰੀ ਡੇਰਿਆਂ ਦੇ 11527 ਸੈਨਿਕ ਰਸਾਲਿਆਂ ਦੇ 4012 ਸੈਨਿਕ ਅਤੇ 1260 ਗੰਨਰ। ਇਸ ਤਰ੍ਹਾਂ ਇੱਥੇ ਲਾਹੌਰ ਦਰਬਾਰ ਦੀ ਫੌਜ ਦੇ 32050 ਪੈਦਲ, ਰਸਾਲੇ ਤੇ ਤੋਪ ਚਲਾਉਣ ਵਾਲ਼ੇ ਅਤੇ 40 ਤੋਪਾਂ ਸਨ। 21 ਦਸੰਬਰ ਨੂੰ ਗਫ਼ ਨੇ ਸ਼ਾਮ ਦੇ ਸਾਢੇ ਤਿੰਨ ਵਜੇ ਜੰਗ ਦਾ ਵਿਗਲ ਵਜਾ ਦਿੱਤਾ। ਉਸ ਦੇ 18 ਹਜ਼ਾਰ ਸੈਨਿਕ ਤਿਆਰ ਬਰ ਤਿਆਰ ਸਨ ਅਤੇ ਉਹ ਚੱਲ ਪਏ। ਉਹ ਸਿੱਖ ਮੋਰਚੇਬੰਦੀਆਂ ਤੋਂ 300 ਗਜ਼ ਉਰੇ ਰੁਕ ਗਏ। ਸਿੱਖ ਫੌਜੀਆਂ ਨੇ ਉਹਨਾਂ ਨੂੰ ਦੇਖਦਿਆਂ ਹੀ ਗੋਲ਼ੀਆਂ ਚਲਾ ਦਿੱਤੀਆਂ। ਸਿੱਖਾਂ ਦੀਆਂ ਵੱਡੀਆਂ ਤੋਪਾਂ ਦਾ ਅੰਗਰੇਜ਼ਾਂ ਦੀਆਂ ਤੋਪਾਂ ਮੁਕਾਬਲਾ ਨਾ ਕਰ ਸਕੀਆਂ। ਕਈ ਵਾਰ ਅੰਗਰੇਜ਼ ਸਿਪਾਹੀ ਦਲੇਰਾਨਾ ਹਮਲਾ ਕਰਕੇ ਸਿੱਖਾਂ ਤੇ ਪੈਂਦੇ ਪਰ ਸਿੱਖ ਹਰ

ਵਾਰ ਬੜੀ ਤੇਜ਼ੀ ਨਾਲ਼ ਬੰਦੂਕਾਂ ਦਾ ਵਾਰ ਕਰਕੇ ਉਹਨਾਂ ਨੂੰ ਪਿੱਛੇ ਹਟਾ ਦਿੰਦੇ। ਨਪੋਲੀਅਨ ਨੂੰ ਜਿੱਤਣ ਵਾਲ਼ੀ ਫੌਜ ਅੱਜ ਸਿੱਖਾਂ ਦੀ ਬਹਾਦਰ ਅਤੇ ਧੀਰਜ ਵਾਲ਼ੀ ਫੌਜ ਦੀ ਸੂਰਮਗਤੀ ਵੇਖ ਕੇ ਘਬਰਾ ਗਈ। ਜਿਵੇਂ ਹੀ ਉਹ ਸਿੱਖਾਂ ਤੇ ਹਮਲੇ ਕਰਦੇ ਨੁਕਸਾਨ ਉਠਾਉਂਦੇ ਪਿੱਛੇ ਹਟ ਜਾਂਦੇ। ਸਿੱਖਾਂ ਦੀਆਂ ਤੋਪਾਂ ਨੇ ਉਹਨਾਂ ਦੀਆਂ ਬਹੁਤ ਸਾਰੀਆਂ ਰਸਦ ਦੀਆਂ ਗੱਡੀਆਂ ਤਬਾਹ ਕਰ ਦਿੱਤੀਆਂ ਜਿਹੜੀਆਂ ਦੇਖ ਕੇ ਕਪਤਾਨ ਲੰਗਲ ਤੇ ਹੇਲਨ ਆਪਣੀ ਫੌਜ ਲੈ ਕੇ ਬਿਜਲੀ ਵਾਂਙ ਕੜਕਦੇ ਸਿੱਖਾਂ ਦੀ ਸੈਨਾ ਤੇ ਆ ਪਏ ਤੇ ਉਹਨਾਂ ਨੇ ਛੇ ਤੋਪਾਂ ਖੋਹ ਲਈਆਂ। ਸਿੱਖਾਂ ਨੇ ਵੀ ਅੱਗੋਂ ਇਨੇ ਤੇਜ਼ ਹਮਲੇ ਕੀਤੇ ਕਿ ਅੰਗਰੇਜ਼ਾਂ ਦੀਆਂ ਕਈ ਤੋਪਾਂ ਤਖ਼ਤ ਤੋਂ ਗਿਰਾ ਦਿੱਤੀਆਂ ਤੇ ਬਰੂਦ ਦਾ ਢੇਰ ਅਸਮਾਨ ਨੂੰ ਉੜਾ ਦਿੱਤਾ। ਜਿਸ ਨਾਲ਼ ਅੰਗਰੇਜ਼ਾਂ ਦੇ ਸੈਂਕੜੇ ਜਵਾਨ ਤੇ ਬੇਸ਼ੁਮਾਰ ਘੋੜੇ ਮਰ ਗਏ। ਰਣ ਖੇਤਰ ਦਾ ਇਹ ਦ੍ਰਿਸ਼ ਬਹੁਤ ਹੀ ਡਰਾਉਣਾ ਸੀ ਪਰ ਅੰਗਰੇਜ਼ ਅਜੇ ਵੀ ਬਹਾਦਰੀ ਨਾਲ਼ ਮੁਕਾਬਲਾ ਕਰਦੇ ਰਹੇ। ਸਿੱਖਾਂ ਦੇ ਜ਼ੋਰਦਾਰ ਹਮਲੇ ਤੇ ਇਕ ਵਾਰ ਤਾਂ ਅੰਗਰੇਜ਼ ਫੌਜ ਇਹਨਾਂ ਘਬਰਾ ਗਈ ਕਿ ਉਹਨਾਂ ਤੋਂ ਆਪਣਾ ਆਪ ਸੰਭਾਲਣਾ ਵੀ ਔਖਾ ਹੋ ਗਿਆ। ਮੇਜਰ ਲੋਕ ਹਾਰਟ ਦਾ ਘੋੜਾ ਮਰ ਗਿਆ ਅਤੇ ਉਹ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਇਸ ਸਮੇਂ ਸਿੱਖਾਂ ਦੀਆਂ 24,32 ਤੇ 36 ਪੌਂਡਰਾਂ ਅੰਗਰੇਜ਼ਾਂ ਦੀਆਂ ਛੇ ਪੌਂਡਰਾਂ ਦੇ ਮੁਕਾਬਲੇ ਵਿੱਚ ਸਨ। ਬ੍ਰਿਗੇਡੀਅਰ ਬਰੁੱਕ ਨੇ ਜਨਰਲ ਗਫ਼ ਤੋਂ ਜ਼ੋਰਦਾਰ ਹਮਲਾ ਕਰਨ ਦੀ ਆਗਿਆ ਮੰਗੀ।

ਖੱਬੇ ਪਾਸਿਓਂ ਲਿਟਲਰ ਨੇ ਆਰਟਿਲਰੀ ਨੂੰ ਪਹਿਲਾਂ ਹੀ ਅੱਗੇ ਭੇਜ ਦਿੱਤਾ ਸੀ। ਕਰਨਲ ਹੈਥਵੇਟ ਤੋਪਾਂ ਲੈ ਕੇ ਸਿੱਖਾਂ ਦੀਆਂ ਬੈਟਰੀਆਂ ਤੱਕ ਪੁੱਜ ਗਿਆ ਅਤੇ ਉਸ ਨੇ ਸਿੱਖ ਤੋਪਾਂ ਨੂੰ ਤਬਾਹ ਕਰ ਦਿੱਤਾ। ਬ੍ਰਿਗੇਡੀਅਰ ਰੀਡ ਨੇ ਆਪਣੀਆਂ ਫੌਜਾਂ ਨੂੰ ਹਮਲਾ ਕਰਨ ਦਾ ਹੁਕਮ ਦਿੱਤਾ। ਪਹਿਲੇ ਹੱਲੇ ਵਿੱਚ ਹੀ ਪਹਿਲੇ ਹੱਲੇ ਵਿੱਚ ਹੀ 23 ਵਿੱਚੋਂ 17 ਅੰਗਰੇਜ਼ ਅਫ਼ਸਰ ਅਤੇ 250 ਜਵਾਨ ਮਾਰੇ ਗਏ ਜਾਂ ਜ਼ਖ਼ਮੀ ਹੋਏ। ਬਾਕੀ ਦੇ ਪਿੱਛੇ ਹਟ ਗਏ। ਲੈਫਟੀਨੈਂਟ ਗੱਬਿਨਸ ਤੇ ਕੈਲੀ ਮਾਰੇ ਗਏ। 54ਵੀਂ, 33 ਵੀਂ ਅਤੇ 44ਵੀਂ ਨੇਟਿਵ ਇਨ-ਫੈਂਟਰੀਆਂ ਨਾ ਚੱਲੀਆਂ। ਅਖੀਰ 33ਵੀਂ ਤੇ 26ਵੀਂ ਨੇਟਿਵ ਨੇ ਲੜਾਈ ਜਾਰੀ ਰੱਖ ਰੱਖੀ। ਇਸ ਵਕਤ ਜੰਗ ਵਿੱਚ ਸਿੱਖਾਂ ਦਾ ਪਲੜਾ ਭਾਰੀ ਹੋ ਗਿਆ ਜੈਕਾਰਿਆਂ ਅਤੇ ਅੱਲਾਹ ਹੂ ਅਕਬਰ ਦੇ ਨਾਅਰਿਆਂ ਨਾਲ਼ ਅਸਮਾਨ ਗੂੰਜ ਉੱਠਿਆ। ਲਿਟਲਰ ਤੇ ਐਸ਼ਬਰਨਮ ਦੀਆਂ ਫੌਜਾਂ ਨੂੰ ਪਿੱਛੇ ਧੱਕ ਦਿੱਤਾ ਗਿਆ। ਦੂਜੇ ਪਾਸਿਓ ਗਿਲਬਰਟ, ਗਫ਼ ਤੇ ਵਾਲੇਸ ਨੇ ਟੇਲਰ ਦੀ ਬ੍ਰਿਗੇਡ ਨਾਲ਼ ਮਿਲ਼ ਕੇ ਹਮਲਾ ਕੀਤਾ। ਇਸ ਸਮੇਂ ਕੈਪਟਨ ਕੈਂਡਲ ਤੇ ਕੈਪਟਨ

ਕਲਾਰਕ ਬੁਰੀ ਤਰ੍ਹਾਂ ਜਖਮੀ ਹੋ ਗਏ। ਅੰਗਰੇਜ਼ਾਂ ਨੇ ਸਿੱਖ ਤੇ ਮੁਸਲਮਾਨ ਗੰਨਰਾਂ ਨੂੰ ਦਬਾ ਲਿਆ। ਫਿਰ ਸਿੱਖ ਫੌਜ ਨੇ ਜ਼ੋਰਦਾਰ ਹਮਲਾ ਕੀਤਾ ਅਤੇ ਅੰਗਰੇਜ਼ਾਂ ਨੂੰ ਰਗੜ ਦਿੱਤਾ ਇਸ ਸਮੇਂ ਅੰਗਰੇਜ਼ਾਂ ਦੀਆਂ ਹੋਰ ਕੰਪਨੀਆਂ ਪਹੁੰਚ ਗਈਆਂ। ਸਿੱਖਾਂ ਨੇ ਪਿਸਤੌਲਾਂ ਸੁੱਟ ਕੇ ਤਲਵਾਰਾਂ ਕੱਢ ਲਈਆਂ। ਗਿਲਬਰਟ ਦੀ ਡਿਵੀਜ਼ਨ ਸਿੱਖਾਂ ਨਾਲ਼ ਭਿੜ ਗਈ। ਅਖੀਰ ਸਿੱਖ ਪਿੱਛੇ ਹਟਣ ਲੱਗੇ। ਅੰਗਰੇਜ਼ਾਂ ਦੇ ਤੇਜ਼ ਤੇ ਤਕੜੇ ਘੋੜਿਆਂ ਨੇ ਸਿੱਖ ਰਸਾਲਿਆਂ ਵਿੱਚ ਤਬਾਹੀ ਮਚਾ ਦਿੱਤੀ। ਸਿੱਖ ਘੋੜ ਚੜ੍ਹੇ ਅਖੀਰ ਨੂੰ ਹਾਰ ਗਏ। ਹੁਣ ਡ੍ਰਾਗੂਨਾਂ ਨੇ ਦੂਜੀ ਮੋਰਚਾਬੰਦੀ ਉੱਤੇ ਹਮਲਾ ਕੀਤਾ। ਲਿਟਲਰ ਪਿੱਛੇ ਵਾਲ਼ੇ ਪਾਸਿਓਂ ਤੇ ਗਿਲਬਰਟ ਖੱਬੇ ਪਾਸੇ ਤੋਂ ਹਮਲਾ ਕਰਨ ਲੱਗਾ। ਸਿੱਖਾਂ ਨੇ ਇਹਨਾਂ ਤੇ ਗੋਲਿਆਂ ਦਾ ਮੀਂਹ ਬਰਸਾ ਦਿੱਤਾ। ਕਰਨਲ ਟੇਲਰ ਮਾਰਿਆ ਗਿਆ। ਕਈ ਜੂਨੀਅਰ ਅਫ਼ਸਰ ਵੀ ਮਾਰੇ ਗਏ।ਹੈਰੀਸਮਿਥ ਨੂੰ ਪਿੱਛੇ ਮੁੜਨਾ ਪਿਆ। ਅਜੇ ਫਿਰੋਜ਼ਸ਼ਾਹ 400 ਗਜ਼ ਦੂਰ ਸੀ ਵਾਲਸ ਦੇ ਕੁਝ ਸੈਨਿਕ ਵੀ ਆ ਰਲ਼ੇ। ਗਫ਼ ਤੇ ਗਿਲਬਰਟ ਦੀ ਡਿਵੀਜ਼ਨ ਸਿੱਖ ਕੈਂਪ ਵੱਲ ਵਧੀ ਮਕਲਾਰੇਨ ਦੀ ਬ੍ਰਿਗੇਡ ਫਿਰੋਜ਼ਸ਼ਾਹ ਵੱਲ ਵੱਧ ਗਈ। ਉਸੇ ਸਮੇਂ ਸਿੱਖਾਂ ਦੀ ਇੱਕ ਮੈਗਜ਼ੀਨ ਫਟ ਗਈ ਇਸ ਦੇ ਨਾਲ਼ ਹੋਰ ਕਈ ਮੈਗ਼ਜ਼ੀਨਾਂ ਵੀ ਫਟਣ ਲੱਗੀਆਂ ਅਤੇ ਪਲਟਨਾ ਖਿੰਡ ਗਈਆਂ। ਸਮਿਥ ਨੇ ਫਟਾਫਟ ਪਿੰਡ ਫ਼ਿਰੋਜ਼ਸ਼ਾਹ ਤੇ ਕਬਜ਼ਾ ਕਰ ਲਿਆ ਅਤੇ ਮਿੱਟੀ ਦੀ ਕੱਚੀ ਦੀਵਾਰ ਤੇ ਆਪਣਾ ਝੰਡਾ ਗੱਡ ਦਿੱਤਾ। ਸਿੱਖ ਫੌਜੀ ਅਜੇ ਵੀ ਹਥਿਆਰ ਸੁੱਟਣ ਨੂੰ ਤਿਆਰ ਨਹੀਂ ਸਨ। ਇੰਨੇ ਵਿੱਚ ਅੰਗਰੇਜ਼ਾਂ ਦੀਆਂ ਹੋਰ ਰਜਮੈਂਟਾਂ ਵੀ ਆ ਰਲੀਆਂ। ਸਿੱਖ ਅਜੇ ਵੀ ਡੱਟ ਕੇ ਖੜੇ ਹੋਏ ਸਨ। ਸਮਿਥ ਨੇ ਪੰਜ ਪਲਟਨਾ ਲੈ ਕੇ ਸਿੱਖ ਮੋਰਚਾ ਬੰਦੀ ਦੇ ਦੁਆਲ਼ੇ ਘੇਰਾ ਪਾ ਲਿਆ ਦੋ ਅਫ਼ਸਰ ਤੇ ਬਹੁਤ ਸਾਰੇ ਜਵਾਨ ਮਾਰੇ ਗਏ। ਸਮਿਥ ਪਿੱਛੇ ਹਟਣ ਲੱਗ ਗਿਆ। ਸਿੱਖਾਂ ਨੇ ਫਿਰ ਆਪਣਾ ਇਲਾਕਾ ਕਬਜ਼ੇ ਵਿੱਚ ਕਰ ਲਿਆ। ਉਸ ਸ਼ਾਮ ਅੰਗਰੇਜ਼ਾਂ ਦੇ ਕੈਂਪ ਵਿੱਚ ਮਾਤਮ ਛਾ ਗਿਆ। ਅੰਗਰੇਜ਼ ਫੌਜਾਂ ਇਥੋਂ ਤੁਰਨ ਦਾ ਸੋਚਣ ਲੱਗੀਆਂ। ਅੱਠਵੀਂ ਲਾਈਟ ਕੈਵਲਰੀ ਨੂੰ ਫ਼ਿਰੋਜ਼ਪੁਰ ਜਾਣ ਦਾ ਹੁਕਮ ਦਿੱਤਾ ਗਿਆ। ਗਫ਼ ਹੋਰੀਂ ਡਰ ਰਹੇ ਸਨ ਕਿ ਸਿੱਖ ਕਿਤੇ ਰਾਤ ਨੂੰ ਹਮਲਾ ਨਾ ਕਰ ਦੇਣ। ਹਰ ਅੰਗਰੇਜ਼ ਫੌਜੀ ਹਾਰ ਮਹਿਸੂਸ ਕਰ ਰਿਹਾ ਸੀ। ਆਖ਼ਰ ਗਫ਼ ਤੇ ਹਾਰਡਿਗ ਨੇ ਮੌਜੂਦਾ ਸਥਿਤੀ ਤੇ ਗੱਲਬਾਤ ਕੀਤੀ ਅਤੇ ਸਵੇਰ ਦੀ ਪਹਿਲੀ ਕਿਰਨ ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਹੌਸਲਾ ਢਹਿ ਚੁੱਕਾ ਸੀ ਬਹੁਤ ਸਾਰੀਆਂ ਜਾਨਾਂ ਜਾ ਚੁੱਕੀਆਂ ਸਨ। ਪਿੰਡ ਦੇ ਇੱਕ ਪਾਸੇ ਕੈਂਪ ਜਲ ਰਿਹਾ ਸੀ ਅਤੇ ਦੂਜੇ ਪਾਸੇ ਬਰੂਦ ਦੀਆਂ ਗੱਡੀਆਂ ਫਟ ਰਹੀਆਂ ਸਨ। ਅੰਗਰੇਜ਼ਾਂ ਲਈ ਇਹ ਬੜੀ ਭਿਆਨਕ ਰਾਤ ਸੀ। ਉਸੇ ਵੇਲੇ

ਸਿੱਖਾਂ ਨੇ 48 ਪੌਂਡਰ ਤੋਪ ਚਲਾਈ ਅਤੇ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਕੀਤਾ।

ਸਿੱਖ ਚੜ੍ਹਦੀ ਕਲਾ ਵਿੱਚ ਸਨ ਅਤੇ ਜੈਕਾਰੇ ਛੱਡ ਰਹੇ ਸਨ। ਬੁਲੰਦ ਹੌਸਲੇ ਦੇ ਬਾਵਜੂਦ ਅਗਲੇ ਦਿਨ ਲਾਲ ਸਿੰਘ ਦੇ ਹੁਕਮ ਤੇ ਉਹਨਾਂ ਨੇ ਅੰਗਰੇਜ਼ਾਂ ਦੇ ਹਮਲੇ ਦਾ ਬੜਾ ਕਮਜ਼ੋਰ ਜਿਹਾ ਜਵਾਬ ਦਿੱਤਾ। ਲਾਲ ਸਿੰਘ ਨੇ ਫੌਜਾਂ ਦੀ ਕਮਾਂਡ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ ਉਸ ਨੇ ਕੁਝ ਬੈਠਕਾਂ ਕੀਤੀਆਂ ਪਰ ਫੈਸਲਾ ਨਾ ਕੀਤਾ। ਦਸੰਬਰ 21 ਤੇ 22 ਦੀ ਰਾਤ ਨੂੰ ਲਾਲ ਸਿੰਘ ਆਪਣੇ ਘੋੜ ਚੜ੍ਹੇ ਲੈ ਕੇ ਫ਼ਿਰੋਜਸ਼ਾਹ ਤੋਂ ਚਲਾ ਗਿਆ ਉਹ ਸਤਲੁਜ ਪਾਰ ਕਰਕੇ ਲਾਹੌਰ ਨਹੀਂ ਗਿਆ ਸਗੋਂ ਅੰਗਰੇਜ਼ ਇਲਾਕੇ ਵਿੱਚ ਚਲਾ ਗਿਆ ਅਤੇ ਲੁਧਿਆਣੇ ਦੇ ਇੱਕ ਭੱਠੇ ਵਿੱਚ ਜਾ ਛੁਪਿਆ। ਉਹ ਤਕਰੀਬਨ 20 ਦਿਨਾਂ ਪਿੱਛੋਂ ਲਾਹੌਰ ਪਹੁੰਚਿਆ। ਤੇਜਾ ਸਿੰਘ ਦੀ ਫੌਜ ਨੇ ਜਦੋਂ ਆਪਣੇ ਸਿੱਖ ਭਰਾਵਾਂ ਦੀ ਫੌਜ ਨੂੰ ਛੇ ਪਹਿਰਾਂ ਤੋਂ ਲੜਦਿਆਂ ਬੁਰੀ ਹਾਲਤ ਦੇਖਦਿਆਂ ਉਹ ਆਪ ਹੀ ਉਹਨਾਂ ਦੀ ਮਦਦ ਲਈ ਤੁਰ ਪਏ। ਮਜ਼ਬੂਰ ਹੋ ਕੇ ਤੇਜਾ ਸਿੰਘ ਨੂੰ ਵੀ ਤੁਰਨਾ ਪਿਆ। ਮੈਦਾਨ ਵਿੱਚ ਜਾ ਕੇ ਵੀ ਤੇਜਾ ਸਿੰਘ ਨੇ ਆਪਣੀ ਫੌਜ ਨੂੰ ਲੜਨ ਲਈ ਨਾ ਕਿਹਾ ਪਰ ਉਸ ਦੀ ਫੌਜ ਉਸ ਦੇ ਹੁਕਮ ਦੀ ਪ੍ਰਵਾਨ ਕਰਦੀ ਹੋਈ ਬਹਾਦਰੀ ਨਾਲ਼ ਲੜਨ ਲੱਗੀ ਤੇ ਅੰਗਰੇਜ਼ੀ ਫੌਜ ਦੇ ਛੱਕੇ ਛੁਡਾ ਦਿੱਤੇ। ਅੰਗਰੇਜ਼ੀ ਫੌਜ ਫੇਰੂ ਸ਼ਹਿਰ, ਮਿਸ਼ਰੀ ਵਾਲ਼ਾ ਤੇ ਬੱਧਨੀ ਪਿੰਡ ਦੇ ਵਿਚਕਾਰ ਫੈਲ ਗਈ। ਉਹਨਾਂ ਦਾ ਗੋਲਾ ਬਰੂਦ ਮੁੱਕ ਚੁੱਕਾ ਸੀ ਜੇਕਰ ਉਸ ਵੇਲੇ ਤੇਜਾ ਸਿੰਘ ਆਪਣੀ ਫੌਜ ਨਾਲ਼ ਉਹਨਾਂ ਦਾ ਪਿੱਛਾ ਕਰਦਾ ਤਾਂ ਯਕੀਨਨ ਉਹਨਾਂ ਨੇ ਮੈਦਾਨ ਛੱਡ ਜਾਣਾ ਸੀ ਪਰ ਉਹ ਆਪ ਹਾਥੀ ਤੇ ਬੈਠੇ ਲੜਾਈ ਦਾ ਰੰਗ ਢੰਗ ਵੇਖ ਰਿਹਾ ਸੀ। ਉਸ ਨੇ ਆਪਣੀ ਹਰਿਆਵਲ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ ਜਿਸ ਨੂੰ ਵੇਖ ਕੇ ਦੂਜੀ ਸਿੱਖ ਫੌਜ ਵੀ ਕਦਮ ਕਦਮ ਪਿੱਛੇ ਹਟਣ ਲੱਗ ਪਈ। ਲੜਾਈ ਵਿੱਚ ਮਿਸ਼ਰੀ ਵਾਲ਼ਾ ਵਿੱਚ ਮੇਜਰ ਬ੍ਰਾਡਫੁਟ ਮਾਰਿਆ ਗਿਆ। ਉਸਦੀ ਕਬਰ ਅਜੇ ਵੀ ਮਿਸ਼ਰੀ ਵਾਲ਼ਾ ਵਿੱਚ ਮੌਜੂਦ ਹੈ। ਇੱਕ ਭਿਅੰਕਰ ਰਾਤ ਗੁਜ਼ਾਰਨ ਮਗਰੋਂ ਸਵੇਰੇ ਹੀ ਗਫ਼ ਨੇ ਸਿੱਖਾਂ ਤੇ ਹਮਲਾ ਕੀਤਾ। ਦੁਪਹਿਰ ਤੱਕ ਸਿੱਖ ਮੋਰਚਾਬੰਦੀ ਗਿਰ ਚੁੱਕੀ ਸੀ। ਤੋਪਾਂ ਤੇ ਰਾਸ਼ਨ ਕੈਂਪਾਂ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਚੁੱਕਾ ਸੀ। ਸਿੱਖ ਬੁਰੀ ਤਰ੍ਹਾਂ ਪਛਾੜੇ ਗਏ ਸਨ। ਸਿੱਖ ਫ਼ਿਰੋਜ਼ਸ਼ਾਹ ਦੇ ਉੱਤਰ ਵਿੱਚ ਜੰਗਲ ਵਿੱਚੋਂ ਨਿਕਲ ਕੇ ਸਤਲੁਜ ਪਾਰ ਕਰਕੇ ਹਰੇਕ ਪੱਤਣ ਪਹੁੰਚ ਗਏ। ਅਸਲ ਵਿੱਚ ਤੇਜਾ ਸਿੰਘ ਨੇ ਨਿਕਲਸਨ ਨਾਲ਼ ਕੀਤਾ ਆਪਣਾ ਵਾਅਦਾ ਨਿਭਾਇਆ। ਉਸ ਨੇ ਲਿਟਲਰ ਦੀ ਫੌਜ ਤੇ ਹਮਲਾ ਨਹੀਂ ਸੀ ਕੀਤਾ ਉਹ ਸਭ ਜਾਣਦਿਆਂ ਹੋਇਆਂ ਵੀ 22 ਦਸੰਬਰ ਦੁਪਹਿਰ ਤੱਕ ਨਹੀਂ ਸੀ

ਪੁੱਜਿਆ। ਉਹ ਉਸ ਸਮੇਂ ਫ਼ਿਰੋਜ਼ਸ਼ਾਹ ਪੁੱਜਾ ਜਦ ਲਾਲ ਸਿੰਘ ਦੀ ਫੌਜ ਹਾਰ ਕੇ ਖਿੰਡ ਗਈ ਸੀ। ਜਿੱਤ ਕੇ ਵੀ ਗਫ਼ ਦਾ ਹੌਸਲਾ ਢਹਿ ਚੁੱਕਾ ਸੀ। ਉਸ ਨੇ ਫੌਜ ਨੂੰ ਫ਼ਿਰੋਜ਼ਸ਼ਾਹ ਦੇ ਦੁਆਲ਼ੇ ਮੋਰਚਾ ਬੰਦੀ ਕਰਨ ਦਾ ਹੁਕਮ ਦੇ ਦਿੱਤਾ। ਬਚੇ ਖੁਚੇ ਸਿੱਖ ਦਸਤੇ ਅਜੇ ਵੀ ਹਮਲਾ ਕਰ ਰਹੇ ਸਨ। ਇਨਫੈਨਟਰੀ ਕੋਲ਼ ਬਰੂਦ ਖ਼ਤਮ ਹੋ ਚੁੱਕਾ ਸੀ। ਇੱਕ ਵਾਰ ਫਿਰ ਸਿੱਖ ਫੌਜਾਂ ਤੇ ਅੰਗਰੇਜ਼ਾਂ ਵਿਚਾਲੇ ਝੜਪਾਂ ਹੋਈਆਂ। ਅੰਗਰੇਜ਼ ਫੌਜਾਂ ਹਾਰ ਵੱਲ ਵਧਣ ਲੱਗੀਆਂ ਪਰ ਅਚਾਨਕ ਸਿੱਖ ਫੌਜਾਂ ਵੱਲੋਂ ਵਾਪਸੀ ਦਾ ਬਿਗਲ ਵੱਜ ਗਿਆ। ਤੇਜਾ ਸਿੰਘ ਨੇ ਫੌਜਾਂ ਨੂੰ ਫ਼ਿਰੋਜ਼ਪੁਰ ਜਾਣ ਦਾ ਹੁਕਮ ਦਿੱਤਾ। ਗਫ਼ ਦੀ ਫੌਜ ਹਾਰ ਕੇ ਵੀ ਜਿੱਤ ਗਈ ਅਤੇ ਇਤਿਹਾਸ ਦਾ ਮੂੰਹ ਮੋੜ ਗਿਆ। ਇਸ ਤਰ੍ਹਾਂ ਅਜੀਬੋ ਗ਼ਰੀਬ ਢੰਗ ਨਾਲ਼ ਫ਼ਿਰੋਜ਼ਸ਼ਾਹ ਦੀ ਇਹ ਜੰਗ 22 ਦਸੰਬਰ 4 ਵਜੇ ਸ਼ਾਮ ਨੂੰ ਖਤਮ ਹੋ ਗਈ। ਇਸ ਲੜਾਈ ਵਿੱਚ ਲਾਲ ਸਿੰਘ ਸਿੱਖ ਫੌਜਾਂ ਨੂੰ ਛੱਡ ਕੇ ਸਤਲੁਜ ਤੋਂ ਪਾਰ ਭੱਜ ਗਿਆ। ਉਸ ਦੇ ਬਹੁਤ ਸਾਰੇ ਸਾਥੀ ਦਰਿਆ ਵਿੱਚ ਡੁੱਬ ਗਏ। ਬਹਾਦਰ ਸਿੰਘ ਮਰ ਗਿਆ ਮਹਿਤਾਬ ਸਿੰਘ ਅਯੁੱਧਿਆ ਪ੍ਰਸ਼ਾਦ ਤੇ ਤੇਜ ਸਿੰਘ ਹਫ਼ੜਾ ਦਫ਼ੜੀ ਨਾਲ਼ ਭੱਜ ਗਏ। ਤੇਜਾ ਸਿੰਘ ਵੀ ਸਤਲੁਜ ਦੇ ਕੰਢੇ ਸਭਰਾਓ ਪਿੰਡ ਵਿੱਚ ਜਾ ਠਹਿਰਿਆ। ਅੰਗਰੇਜ਼ਾਂ ਨੇ ਸਿੱਖਾਂ ਦੀਆਂ 75 ਤੋਪਾਂ ਕਬਜ਼ੇ ਵਿੱਚ ਲਈਆਂ ਪਰ 2415 ਜਾਨਾਂ ਗਵਾਈਆਂ। 37 ਅੰਗਰੇਜ਼ ਅਫ਼ਸਰ, 17 ਭਾਰਤੀ ਅਫ਼ਸਰ, 630 ਗੈਰ ਐਨਸੀਓ ( ਵਲੈਤੀ ਤੇ ਹਿੰਦੀ ਸਿਪਾਹੀ) ਮਾਰੇ ਗਏ। 1721 ਜ਼ਖ਼ਮੀ ਹੋਏ। ਜਨਰਲ ਕਨਿੰਘਮ ਅਨੁਸਾਰ ਅੰਗਰੇਜ਼ੀ ਫੌਜ ਦਾ ਸੱਤਵਾਂ ਹਿੱਸਾ ਮਾਰਿਆ ਗਿਆ। 2000 ਦੇ ਕਰੀਬ ਸਿੱਖ ਫੌਜੀ ਮਾਰੇ ਗਏ ਜਿਨਾਂ ਵਿੱਚੋਂ 1782 ਦੇ ਵਾਰਸਾਂ ਨੇ ਮੁਆਵਜ਼ਾ ਮੰਗਿਆ। ਇੱਥੋਂ ਮੈਦਾਨ ਛੱਡ ਕੇ ਸਿੱਖ ਫੌਜਾਂ ਨੇ ਹਰੀਕੇ ਤੋਂ 10 ਮੀਲ ਦੂਰ ਸਭਰਾਓ ਜਾ ਕੇ ਮੋਰਚਾ ਬੰਦੀ ਕਰ ਲਈ।

## ਪਹਿਲਾ ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ -3
## (ਆਲੀਵਾਲ ਦੀ ਜੰਗ)

ਪਿਛਲੀਆਂ ਦੋ ਜੰਗਾਂ ਵਾਂਙ ਹੀ ਇੱਕ ਵਾਰ ਫਿਰ ਸਿੱਖ ਫੌਜਾਂ ਨੂੰ ਉਹਨਾਂ ਦੇ ਕਮਾਂਡਰਾਂ ਨੇ ਹੀ ਡੋਬਿਆ। ਲਾਲ ਸਿੰਘ ਤਾਂ ਮੁੱਦਕੀ ਜੰਗ ਦੇ ਮੈਦਾਨ ਵਿੱਚੋਂ ਭੱਜ ਗਿਆ ਸੀ। ਤੇਜਾ ਸਿੰਘ ਨੇ ਫ਼ਿਰੋਜ਼ਸ਼ਾਹ ਵਿੱਚ ਪਿੱਠ ਵਿਖਾਈ। ਰਣਜੋਧ

ਸਿੰਘ ਮਜੀਠੀਆ ਫ਼ਿਰੋਜ਼ਸ਼ਾਹ ਵਿੱਚ ਤੇਜਾ ਸਿੰਘ ਦੇ ਨਾਲ਼ ਸੀ ਤੇ ਉਸਦੇ ਨਾਲ਼ ਹੀ ਭੱਜ ਗਿਆ ਪਰ ਉਸਨੇ ਲੁਧਿਆਣੇ ਦੇ ਇਲਾਕੇ ਵਿੱਚ ਇੱਕ ਵਾਰ ਫਿਰ ਸਿੱਖ ਫੌਜਾਂ ਦੀ ਅਗਵਾਈ ਕੀਤੀ। ਤੇਜਾ ਸਿੰਘ ਨੇ ਤਾਂ ਹੈਰੀ ਸਮਿਥ ਨੂੰ ਆਲੀਵਾਲ ਦੀ ਲੜਾਈ ਤੋਂ ਪਹਿਲਾਂ ਹੀ ਲਿਖ ਭੇਜਿਆ ਸੀ ਕਿ ਮੈਂ ਤਾਂ ਤੁਹਾਡੇ ਨਾਲ਼ ਸੁਲ੍ਹਾ ਕਰਨ ਲਈ ਤਿਆਰ ਹਾਂ ਪਰ ਮੇਰੇ ਬੰਦੇ ਮੇਰਾ ਇਹ ਹੁਕਮ ਨਹੀਂ ਮੰਨਦੇ। ਅਸਲ ਵਿੱਚ ਰਣਜੋਧ ਸਿੰਘ ਮਜੀਠੀਆ ਲਾਹੌਰ ਦਰਬਾਰ ਦੀ ਸਾਜਿਸ਼ ਤੋਂ ਅਣਜਾਣ ਸੀ ਪਰ ਉਹ ਜੰਗ ਦੇ ਤਜਰਬੇ ਤੋਂ ਕਰਕੇ ਕੋਰਾ ਹੋਣ ਕਰਕੇ ਜਿੱਤ ਨਾ ਸਕਿਆ। ਆਲੀਵਾਲ ਵਿਖੇ ਉਸ ਕੋਲ਼ ਸਮਿੱਥ ਨਾਲ਼ੋਂ ਜ਼ਿਆਦਾ ਫੌਜ ਸੀ ਸਮਿੱਥ ਕਮਜ਼ੋਰ ਸਥਿਤੀ ਵਿੱਚ ਸੀ ਪਰ ਉਸ ਦੀ ਫੌਜ ਅਨੁਸ਼ਾਸ਼ਤ ਸੀ

ਫਿਰੋਜ਼ਸ਼ਾਹ ਦੀ ਜਿੱਤ ਮਗਰੋਂ ਗਫ਼ ਨੇ ਇਥੋਂ ਕੋਈ ਦਸ ਮੀਲ ਦੂਰ ਉਤਰ ਦਿਸ਼ਾ ਵਿੱਚ ਸੁਲਤਾਨ ਖਾਂ ਵਾਲ਼ਾ (ਸੋਢੀ ਨਗਰ) ਵਿਖੇ ਆਪਣਾ ਡੇਰਾ ਕੀਤਾ। ਹਾਰਡਿੰਗ ਲਿਟਲਰ ਨਾਲ਼ ਫ਼ਿਰੋਜ਼ਪੁਰ ਚਲਾ ਗਿਆ। ਦਿੱਲੀ, ਮੇਰਠ ਅਤੇ ਕਾਨਪੁਰ ਤੋਂ ਹੋਰ ਅੰਗਰੇਜ਼ੀ ਫੌਜ ਆ ਗਈ। ਇੱਥੇ ਹੀ ਗਫ਼ ਨੂੰ ਖਬਰ ਮਿਲੀ ਕਿ ਸਿੱਖ ਫੌਜਾਂ ਦੇ ਸਪੈਨਿਸ਼ ਇੰਜਨੀਅਰ ਕਰਨਲ ਹੁਬਰਨ ਨੇ ਸਤਲੁਜ ਤੇ ਬੇੜੀਆਂ ਦਾ ਪੁੱਲ ਤਿਆਰ ਕਰ ਲਿਆ ਹੈ ਅਤੇ ਦਰਿਆ ਦੇ ਦੱਖਣ ਵੱਲ ਮੋਰਚਾਬੰਦੀ ਕਰ ਲਈ ਹੈ। ਗਫ਼ ਨੇ ਸਿੱਖਾਂ ਤੇ ਹਮਲਾ ਕਰਨ ਤੋਂ ਪਹਿਲਾਂ ਇਹਨਾਂ ਦੇ ਫਤਿਹਗੜ੍ਹ ਅਤੇ ਧਰਮਕੋਟ ਦੇ ਕਿਲ੍ਹੇ ਕਬਜ਼ੇ ਵਿੱਚ ਕਰਨ ਦੀ ਵਿਉਂਤ ਬਣਾਈ। ਉਸ ਨੇ ਹੈਰੀ ਸਮਿੱਥ ਨੂੰ ਇਹ ਕਿਲ੍ਹੇ ਫ਼ਤਿਹ ਕਰਨ ਦੇ ਆਦੇਸ਼ ਦਿੱਤੇ। 17 ਜਨਵਰੀ ਨੂੰ ਸਵੇਰੇ ਸਮਿੱਥ ਇੱਥੋਂ 26 ਕਿਲੋਮੀਟਰ ਦੂਰ ਧਰਮਕੋਟ ਵੱਲ ਚੱਲ ਪਿਆ। ਜਿਵੇਂ ਹੀ ਉਹ ਫ਼ਤਿਹਗੜ੍ਹ ਪੁੱਜਿਆ ਕਿਲ੍ਹੇ ਦੇ ਪਹਿਰੇਦਾਰ ਕਿਲ੍ਹਾ ਛੱਡ ਕੇ ਭੱਜ ਗਏ। ਇਸ ਕਿਲ੍ਹੇ ਤੇ ਕਬਜ਼ਾ ਕਰਨ ਤੋਂ ਬਾਅਦ ਉਹ 2 ਵਜੇ ਧਰਮਕੋਟ ਪੁੱਜ ਗਿਆ। ਇੱਥੇ ਸਮਿਥ ਨੇ ਆਪਣੀ ਕੈਲਵਰੀ ਦੀਆਂ ਤੀਜੀ ਤੇ ਚੌਥੀ ਬੰਗਾਲ ਲਾਈਟ ਤੇ ਇਰੈਗੂਲਰ ਕੈਲਵਰੀ ਦੀਆਂ ਰਜਮੈਂਟਾਂ ਨਾਲ਼ ਹਮਲਾ ਕੀਤਾ। ਇਸ ਕਿਲ੍ਹੇ ਵਿੱਚੋਂ ਗੈਰੀਸਨ ਕਮਾਡਰ ਸਿੱਖਾਂ ਵੱਲੋਂ ਹੈਰੀ ਸਮਿੱਥ ਨਾਲ਼ ਗੱਲਬਾਤ ਕਰਨ ਲਈ ਆਇਆ ਅਤੇ ਉਸ ਨੇ ਕੁਝ ਸ਼ਰਤਾਂ ਰੱਖੀਆਂ। ਸਮਿੱਥ ਨੇ ਇਹ ਸ਼ਰਤਾਂ ਨਾਮਨਜ਼ੂਰ ਕਰ ਦਿੱਤੀਆਂ ਅਤੇ ਨੌ ਪੌਂਡਰ ਹਵਿਟਜ਼ਰ ਚਲਾ ਦਿੱਤੇ। ਗੈਰੀਸਨ ਅਤੇ ਉਸ ਦੀਆਂ ਫੌਜਾਂ ਨੇ ਹਥਿਆਰ ਸੁੱਟ ਦਿੱਤੇ, ਉਹਨਾਂ ਨੂੰ ਜੰਗੀ ਕੈਦੀ ਬਣਾ ਲਿਆ ਗਿਆ। ਧਰਮਕੋਟ ਵਿੱਚ ਹੀ ਗਫ਼ ਨੂੰ ਖਬਰ ਮਿਲ਼ੀ ਕਿ ਰਣਜੋਧ ਸਿੰਘ ਮਜੀਠੀਆ ਅਤੇ ਰਾਜਾ ਅਜੀਤ ਸਿੰਘ ਸਤਲੁਜ ਪਾਰ ਕਰਕੇ 10000 ਫੌਜ ਨਾਲ਼

ਲੁਧਿਆਣੇ ਪਹੁੰਚ ਕੇ ਅਗਜ਼ਨੀ ਕਰ ਰਹੇ ਹਨ। ਰਣਜੋਧ ਸਿੰਘ ਨੂੰ ਅੰਗਰੇਜ਼ਾਂ ਦੀ ਸਪਲਾਈ ਲਾਈਨ ਕੱਟਣ ਦਾ ਹੁਕਮ ਦਿੱਤਾ ਸੀ ਪਰ ਉਸ ਨੇ ਲੁਧਿਆਣੇ ਵਿੱਚ ਹੀ ਸਮਾਂ ਬਰਬਾਦ ਕਰ ਦਿੱਤਾ। ਸਿੱਖ ਫੌਜਾਂ ਉਸ ਸਮੇਂ ਲੁਧਿਆਣੇ ਤੋਂ ਸੱਤ ਮੀਲ ਦੂਰ ਬੱਦੋਵਾਲ ਵਿਖੇ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਉਹਨਾਂ ਦੀ ਇੱਕ ਹੋਰ ਟੁਕੜੀ 12 ਮੀਲ ਦੂਰ ਮਲੇਰਕੋਟਲੇ ਵਾਲੀ ਸੜਕ ਤੇ ਘੁੰਗਰਾਣੇ ਵੀ ਆ ਪਹੁੰਚੀ।

ਸਮਿੱਥ 19 ਜਨਵਰੀ ਨੂੰ ਇਨਫੈਂਟਰੀ ਲੈ ਕੇ ਧਰਮਕੋਟ ਤੋਂ ਚੱਲਿਆ ਅਤੇ ਸ਼ਾਮ ਨੂੰ ਕੋਕਰੀ ਕਲਾਂ ਵਿੱਚ ਗਫ਼ ਦੀ ਭੇਜੀ ਫੌਜ ਨਾਲ਼ ਜਾ ਮਿਲਿਆ। 21 ਜਨਵਰੀ ਨੂੰ ਉਹ ਰਾਤ 12:30 ਵਜੇ ਜਗਰਾਉਂ ਤੋਂ ਚੱਲ ਕੇ ਸਵੇਰ ਤੱਕ ਬੱਦੋਵਾਲ ਪਹੁੰਚ ਗਿਆ। ਸਮਿੱਥ ਨੂੰ ਸਿੱਖ ਹਮਲੇ ਦਾ ਡਰ ਸਤਾ ਰਿਹਾ ਸੀ ਇਸ ਲਈ ਉਸ ਨੇ ਰੇਤੀਲੇ ਟਿੱਬਿਆਂ ਵਿੱਚ ਦੀ ਅੱਗੇ ਵਧਣਾ ਸ਼ੁਰੂ ਕੀਤਾ। ਸਮਿੱਥ ਨੇ ਪਹਿਲਾਂ ਹਮਲਾ ਕਰਨ ਦਾ ਮਨ ਬਣਾ ਲਿਆ ਅਤੇ ਉਸਨੇ ਸ਼ਾਹੀ 31ਵੀਂ ਅਤੇ 53ਵੀਂ ਰਜਮੈਂਟ ਨੂੰ ਅੱਗੇ ਕਰਕੇ ਇਨਫੈਂਟਰੀ ਨੂੰ ਲੁਧਿਆਣੇ ਜਾਣ ਦਾ ਹੁਕਮ ਦਿੱਤਾ। ਇਥੇ ਰਣਜੋਧ ਸਿੰਘ ਦੀ ਫੌਜ ਨੇ ਇਹ ਸਭ ਦੇਖ ਭਾਲ਼ ਲਿਆ ਪਰ ਹਮਲਾ ਕਰਨ ਦੀ ਲੋੜ ਨਾ ਸਮਝੀ। ਇੱਥੇ ਸਿੱਖਾਂ ਤੇ ਅੰਗਰੇਜ਼ਾਂ ਦੀ ਇੱਕ ਛੋਟੀ ਜਿਹੀ ਝੜਪ ਜ਼ਰੂਰ ਹੋਈ ਅਤੇ ਜਿਸ ਵਿੱਚ ਸਮਿੱਥ ਦਾ ਕਾਫੀ ਨੁਕਸਾਨ ਹੋਇਆ। ਉਸ ਦੇ 69 ਸੈਨਿਕ ਮਾਰੇ ਗਏ 68 ਜ਼ਖਮੀ ਹੋਏ ਅਤੇ 71 ਫੜੇ ਗਏ। ਸਿੱਖਾਂ ਨੇ ਉਸ ਦੀ ਮਾਲ ਗੱਡੀ ਤੇ ਹਮਲਾ ਕਰਕੇ ਲੁੱਟ ਲਿਆ। ਰਣਜੋਧ ਸਿੰਘ ਨੇ ਜਿੱਤ ਕੇ ਵੀ ਲੁਧਿਆਣੇ ਤੇ ਕਬਜ਼ਾ ਕਰਨ ਦਾ ਸੁਨਹਿਰੀ ਮੌਕਾ ਗਵਾ ਲਿਆ।

23 ਜਨਵਰੀ ਨੂੰ ਸਮਿੱਥ ਨੂੰ ਖ਼ਬਰ ਮਿਲੀ ਕਿ ਸਿੱਖ ਲੁਧਿਆਣੇ ਵਿੱਚ ਆਲੀਵਾਲ ਤੇ ਭੂੰਦੜੀ ਪਿੰਡਾਂ ਦੇ ਲਾਗੇ ਤੁਲਾਵਾਣ ਵਿੱਚ ਇਕੱਠੇ ਹੋ ਰਹੇ ਹਨ। ਉਸ ਨੇ 23 ਜਨਵਰੀ ਨੂੰ ਹੀ ਸਵੇਰੇ ਉੱਥੇ ਪਹੁੰਚ ਕੇ ਸਿੱਖਾਂ ਦੀ ਇੱਕ ਪੁਜ਼ੀਸ਼ਨ ਤੇ ਕਬਜ਼ਾ ਕਰ ਲਿਆ। ਸਿੱਖ ਪਿੱਛੇ ਹਟ ਗਏ। ਇੱਥੇ ਜੋਧਾ ਰਾਮ ਦੀ ਕਮਾਨ ਹੇਠ ਫੌਜ-ਏ -ਐਨ ਰੂਪ ਸਿੰਘ, ਭਗਤ ਸਿੰਘ ਤੇ ਜਵੰਧਾ ਸਿੰਘ ਦੀਆਂ ਤਿੰਨ ਇਨਫੈਂਟਰੀ ਪਲਟਣਾ ਹੋਰ ਆ ਗਈਆਂ। ਇੱਕ ਰਸਾਲਾ, ਗੋਬਿੰਦ ਰਜ਼ਮਨ 18 ਤੋਪਾਂ, 12 ਅਸਪੀ ਤੇ 6 ਜਿਨਸੀ 26 ਜਨਵਰੀ ਨੂੰ ਰਣਜੋਧ ਸਿੰਘ ਨੂੰ ਆ ਮਿਲ਼ੇ। ਗਫ਼ ਨੇ ਵੀ ਹੈਰੀ ਸਮਿੱਥ ਨੂੰ ਦੂਜੀ ਬ੍ਰਿਗੇਡ ਤੇ ਸ਼ਾਹੀ 50ਵੀਂ, 48ਵੀਂ, ਸਿਰਮੌਰ ਗੋਰਖਾ ਤੇ 18 ਹਾਥੀ 14 ਪੌਂਡਰ ਤੇ 24 ਗੱਡੇ ਬਰੂਦ ਭੇਜ ਦਿੱਤੇ।

27 ਜਨਵਰੀ ਨੂੰ ਸਮਿੱਥ ਬਦੋਵਾਲ ਤੋਂ ਚੱਲ ਪਿਆ ਅਤੇ ਪਰੈਣ

ਪਿੰਡ ਪਹੁੰਚ ਗਿਆ। ਇੱਥੇ ਰਣਜੋਧ ਸਿੰਘ ਸਮਿੱਥ ਦੀ ਰਣਨੀਤੀ ਵਿੱਚ ਘਿਰ ਗਿਆ। ਇਸੇ ਦਿਨ ਸਵੇਰੇ 10 ਵਜੇ ਬ੍ਰਗੇਡੀਅਰ ਸਟੈਡਮਨ ਨੇ ਕੈਵਲਰੀ ਨੂੰ ਸੱਜੇ ਪਾਸੇ ਮੋੜਿਆ। ਗੋਰਖਾ ਤੇ ਨਸੀਰੀ ਪਲਟਣਾਂ ਤੇ 36ਵੀਂ ਰਜਮੈਂਟ ਦੇ ਪਿੱਛੇ ਬ੍ਰਿਗੇਡ 31ਵੀਂ 24ਵੀਂ ਅਤੇ 41ਵੀਂ ਦੇ ਪਿੱਛੇ 18 ਤੋਪਾਂ ਬੀੜ ਕੇ ਵ੍ਹੀਲਰ ਦੀ 50ਵੀਂ ਤੇ 48ਵੀਂ ਬ੍ਰਿਗੇਡ ਨੂੰ ਪੁਜ਼ੀਸ਼ਨ ਦੇ ਦਿੱਤੀ। ਉਸ ਨੇ ਗੋਰਖਾ ਫੌਜ ਨੂੰ ਸਭ ਤੋਂ ਅੱਗੇ ਖੜਾ ਕੀਤਾ ਅਤੇ ਪੂਰੀ ਕਵਾਇਦ ਕਰਕੇ ਉਹ ਸਿੱਖਾਂ ਵੱਲ ਵਧਿਆ। ਉਸ ਨੇ ਪਹਿਲਾਂ ਆਲੀਵਾਲ ਤੇ ਕਬਜ਼ਾ ਕਰਨ ਦਾ ਫੈਸਲਾ ਕਰਦਿਆਂ ਬ੍ਰਿਗੇਡੀਅਰ ਗੋਡਬੀ ਤੇ ਬ੍ਰਿਗੇਡੀਅਰ ਹਿੱਕਸ ਨੂੰ ਹੁਕਮ ਦਿੱਤਾ ਜਿੰਨਾ ਬਿਨਾਂ ਕਿਸੇ ਵੱਡੇ ਮੁਕਾਬਲੇ ਦੇ ਦੋ ਤੋਪਾਂ ਕਬਜ਼ੇ ਵਿੱਚ ਕਰਦਿਆਂ ਆਲੀਵਾਲ ਤੇ ਕਬਜ਼ਾ ਕਰ ਲਿਆ। ਇੱਥੇ ਸਿੱਖਾਂ ਵੱਲੋਂ ਤਾਇਨਾਤ ਡੋਗਰਾ ਫੌਜ ਨੇ ਕੋਈ ਵੀ ਵਿਰੋਧ ਨਾ ਕੀਤਾ ਪਰ ਸਿੱਖ ਅਤੇ ਮੁਸਲਮਾਨ ਅੰਤ ਤੱਕ ਡਟੇ ਰਹੇ । ਵਿਲਸਨ ਦੀ ਬ੍ਰਿਗੇਡ ਨੇ ਉਧਰ ਸਿੱਖਾਂ ਦੀ ਮੂਹਰਲੀ ਕਤਾਰ ਨੂੰ ਗਿਰਾ ਦਿੱਤਾ। ਸਟੈਡਮਨ ਨੇ ਸਿੱਖ ਘੋੜ ਚੜ੍ਹਿਆਂ ਨੂੰ ਪਿੱਛੇ ਧੱਕ ਦਿੱਤਾ। ਵ੍ਹੀਲਰ ਨੇ ਵਿਲਸਨ ਨੂੰ ਭੂੰਦੜੀ ਵੱਲ ਜਾਣ ਦਾ ਰਸਤਾ ਬਣਾ ਦਿੱਤਾ। ਇੱਥੇ ਸਿੱਖ ਗੰਨਰਾਂ ਨੇ ਆਖ਼ਰੀ ਤੋਪ ਤੇ ਆਖ਼ਰੀ ਬੰਦੇ ਤੱਕ ਟੱਕਰ ਦਿੱਤੀ। ਘਮਸਾਨ ਦੇ ਯੁੱਧ ਪਿੱਛੋਂ ਵ੍ਹੀਲਰ ਨੇ ਭੂੰਦੜੀ ਤੇ ਕਬਜ਼ਾ ਕਰ ਲਿਆ। ਸਮਿੱਥ ਦੀ 30ਵੀਂ ਨੇਟਿਵ ਇੰਡੀਅਨ ਪਲਟਨ ਸਿੱਖਾਂ ਨੂੰ ਪਿੱਛੇ ਧੱਕਣ ਵਿੱਚ ਕਾਮਯਾਬ ਹੋ ਗਈ। ਇਥੇ ਵੀ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ। ਮੇਜਰ ਸਮਿੱਥ ਤੇ ਕੈਪਟਨ ਮੀਰ ਦੀ 16ਵੀਂ ਲਾਂਸਰ ਨੇ ਜੋਧਾ ਰਾਮ ਦੀ ਬ੍ਰਿਗੇਡ ਤੇ ਹਮਲਾ ਕਰਕੇ ਉਹਨਾਂ ਨੂੰ ਹਰਾ ਦਿੱਤਾ। ਸਿੱਖ ਫੌਜਾਂ ਨੇ ਮੈਦਾਨ ਛੱਡ ਦਿੱਤਾ ਅਤੇ ਉਹ ਕਿਸ਼ਤੀਆਂ ਜਾਂ ਪੈਦਲ ਹੀ ਦਰਿਆ ਪਾਰ ਕਰਨ ਲੱਗੇ। ਇਸ ਤਰ੍ਹਾਂ ਆਲੀਵਾਲ ਦੀ ਇਹ ਜੰਗ ਸਵੇਰੇ 10 ਵਜੇ ਸ਼ੁਰੂ ਹੋ ਕੇ ਸ਼ਾਮ 5:30 ਵਜੇ ਖਤਮ ਹੋ ਗਈ।

ਇਸ ਜੰਗ ਵਿੱਚ ਅੰਗਰੇਜ਼ਾਂ ਨੇ ਸਿੱਖਾਂ ਦੀਆਂ 54 ਤੋਪਾਂ ਕਬਜ਼ੇ ਵਿੱਚ ਲੈ ਲਈਆਂ। 11ਤੋਪਾਂ ਦਰਿਆ ਵਿੱਚ ਡੁੱਬ ਗਈਆਂ ਅਤੇ ਦੋ ਤੋਪਾਂ ਦੀਆਂ ਨੋਕਾਂ ਬੰਦ ਹੋ ਗਈਆਂ। ਕੁੱਲ 67 ਤੋਪਾਂ ਕੈਂਪ, ਸਪਲਾਈ ਤੇ ਜਾਨਵਰ ਅੰਗਰੇਜ਼ਾਂ ਦੇ ਹੱਥ ਲੱਗੇ। ਹੈਰੀ ਸਮਿੱਥ ਦੇ 151 ਫੌਜੀ ਮਰੇ, 413 ਜ਼ਖ਼ਮੀ ਅਤੇ 25 ਲਾਪਤਾ ਹੋਏ। ਸਭ ਤੋਂ ਜ਼ਿਆਦਾ ਨੁਕਸਾਨ ਬ੍ਰਿਟਿਸ਼ ਸ਼ਾਹੀ 16ਵੀਂ ਲਾਂਸਰ ਦਾ ਹੋਇਆ। ਸਿੱਖ ਫੌਜ ਦੇ ਕਰੀਬ 3000 ਦੇ ਕਰੀਬ ਫੌਜੀ ਵੀਰਗਤੀ ਨੂੰ ਪ੍ਰਾਪਤ ਹੋਏ। ਇਸ ਜੰਗ ਤੋਂ ਬਾਅਦ ਵ੍ਹੀਲਰ ਦੀ ਬ੍ਰਿਗੇਡ ਆਲੀਵਾਲ ਹੀ ਠਹਿਰ ਗਈ। ਹੈਰੀ ਸਮਿਥ ਆਪਣੀ ਡਿਵੀਜ਼ਨ ਨਾਲ਼ ਸੁਲਤਾਨ ਖਾਂ ਵੱਲ ਮੁੜ ਆਇਆ ਜਿੱਥੇ ਉਸ ਨੇ ਅੱਗੇ ਸਭਰਾਉਂ ਦੀ ਲੜਾਈ ਵਿੱਚ ਸਿੱਖਾਂ ਨਾਲ਼ ਟਾਕਰਾ ਕਰਨਾ ਸੀ।

ਰਣਜੋਧ ਸਿੰਘ ਮਜੀਠੀਆ ਕਿਸੇ ਤਰੀਕੇ ਨਾਲ਼ ਲਾਹੌਰ ਪਹੁੰਚ ਗਿਆ ਜਿੱਥੇ ਬਾਅਦ ਵਿੱਚ ਉਹ ਤੇਜਾ ਸਿੰਘ ਤੇ ਲਾਲ ਸਿੰਘ ਨਾਲ਼ ਕੌਂਸਲ ਆੱਫ਼ ਰੀਜੈਂਸੀ ਦਾ ਮੈਂਬਰ ਬਣ ਗਿਆ।
ਇਸ ਕੌਂਸਲ ਆੱਫ਼ ਰੀਜੈਂਸੀ ਨੇ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਲਾਹੌਰ ਦਰਬਾਰ ਦਾ ਰਾਜ ਭਾਗ ਸੰਭਾਲਣਾ ਸੀ।

## ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ-4
## (ਸਭਰਾਓਂ ਦੀ ਜੰਗ)

21 ਅਤੇ 22 ਦਸੰਬਰ ਨੂੰ ਫਿਰੋਜ਼ਸ਼ਾਹ ਦੀ ਜੰਗ ਹਾਰਨ ਤੋਂ ਬਾਅਦ ਸਿੱਖ ਫੌਜਾਂ ਸਤਲੁਜ ਦਰਿਆ ਤੋਂ ਪਾਰ ਚਲੀਆਂ ਗਈਆਂ ਸਿਰਫ ਕੁਝ ਫੌਜਾਂ ਹਰੀਕੇ ਪੱਤਣ ਤੋਂ 11 ਮੀਲ ਦੂਰ ਦੋ ਪਿੰਡਾਂ ਛੋਟਾ ਸਭਰਾਓਂ ਅਤੇ ਵੱਡਾ ਸਭਰਾਓਂ ਦੇ ਵਿਚਕਾਰ ਰੁਕ ਗਈਆਂ। ਇੱਥੇ ਇਹਨਾਂ ਨੇ ਕਰਨਲ ਹੁਬਰਟਨ ਅਤੇ ਕਰਨਲ ਮੂਟਨ ਜੋ ਕਿ ਮਾਹਿਰ ਇੰਜੀਨੀਅਰ ਸਨ, ਦੀ ਕਾਰਾਗਰੀ ਨਾਲ਼ ਬਹੁਤ ਹੀ ਮਜ਼ਬੂਤ ਮੋਰਚਾਬੰਦੀ ਕੀਤੀ। ਇਹ ਜੰਗ ਦਾ ਮੈਦਾਨ ਫ਼ਿਰੋਜ਼ਪੁਰ ਤੋਂ 21 ਮੀਲ ਦੂਰ ਹੈ। ਇੱਥੇ ਸਿੱਖ ਫੌਜਾਂ ਨੇ ਅਰਧ ਗੋਲੇ ਵਾਂਙ ਤਿੰਨ ਮੀਲ ਦੇ ਦਾਇਰੇ ਵਿੱਚ ਦਰਿਆ ਦੇ ਇੱਕ 400 ਗਜ਼ ਚੌੜੇ ਘਾਟ ਤੋਂ ਅੱਗੇ ਮੋਰਚਾਬੰਦੀ ਕਰ ਲਈ। ਸਰਦੀਆਂ ਦੇ ਮੀਹਾਂ ਵਾਲ਼ੇ ਦਿਨ ਸਨ। ਸਿੱਖ ਫੌਜਾਂ ਨੇ ਦਰਿਆਉਂ ਪਾਰ ਤੋਂ ਹੋਰ ਕੁਮਕ ਆਉਣ ਦੇ ਅੰਦਾਜ਼ੇ ਨਾਲ਼ ਸਤਲੁਜ ਤੇ ਬੇੜੀਆਂ ਦਾ ਪੁਲ ਵੀ ਤਿਆਰ ਕਰ ਲਿਆ। ਉਹਨਾਂ ਨੇ ਸੱਜੇ, ਖੱਬੇ ਅਤੇ ਵਿਚਕਾਰ ਤਿੰਨ ਫਰੰਟ ਬਣਾ ਕੇ ਉਹਨਾਂ ਦੇ ਮੂਹਰੇ ਛੇ ਛੇ ਫੁੱਟ ਡੂੰਘੀਆਂ ਖਾਈਆਂ ਖੋਦ ਲਈਆਂ। ਦਰਿਆ ਤੋਂ ਦੂਰ ਵਾਲ਼ੇ ਮੋਰਚਿਆਂ ਤੇ ਤੋਪਾਂ ਖੜੀਆਂ ਕਰ ਲਈਆਂ ਅਤੇ ਸੱਜੇ ਪਾਸੇ 200 ਜੰਬੂਰਕਾਂ ਖੜੀਆਂ ਕਰ ਲਈਆਂ।

ਉਧਰ ਰਣਜੋਧ ਸਿੰਘ ਮਜੀਠੀਆ ਨੂੰ ਸਿੱਖ ਫੌਜਾਂ ਵੱਲੋਂ ਲੁਧਿਆਣੇ ਵੱਲੋਂ ਆਉਂਦੀ ਅੰਗਰੇਜ਼ ਫੌਜਾਂ ਦੀ ਕੁਮਕ ਨੂੰ ਰੋਕਣ ਲਈ ਭੇਜਿਆ ਸੀ ਪਰ ਉਹ ਆਲੀਵਾਲ ਵਿਖੇ ਹਾਰ ਕੇ ਵਾਪਸ ਆ ਗਿਆ। ਸਿੱਖ ਮੋਰਚਾਬੰਦੀ ਦੇ ਸੱਜੇ ਪਾਸੇ ਕਰਨਲ ਮੂਟਨ ,ਵਿਚਾਲੇ ਮਹਿਤਾਬ ਸਿੰਘ ਮਜੀਠੀਆ ਅਤੇ ਖੱਬੇ ਪਾਸੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੇ ਮੋਰਚਾ ਸੰਭਾਲਿਆ। ਤੇਜਾ ਸਿੰਘ ਤੇ ਲਾਲ ਸਿੰਘ ਵੀ ਦੂਜੀ ਤੇ ਤੀਜੀ ਲਾਈਨ ਦਾ ਮੋਰ-ਚਾਬੰਦੀਆਂ ਦਾ ਬਚਾਅ ਕਰ ਰਹੇ ਸਨ। ਇਹ ਦਰਿਆ ਦੇ ਸਾਹਮਣੇ ਸਨ ਤੇ ਉਹਨਾਂ ਕੋਲ਼ ਇੱਕ ਬੇੜੀਆਂ ਦਾ ਪੁਲ ਸੀ। ਇਹਨਾਂ ਸਿੱਖ ਮੋਰਚਿਆਂ ਵਿੱਚ ਅੱਠ ਬ੍ਰਿਗੇਡ ਸਨ। ਫੌਜ-ਏ -ਖਾਸ ਦੀ ਬ੍ਰਿਗੇਡ ਇਲਾਹੀ ਬਖਸ਼ ਕੋਲ਼, ਮਹਿਤਾਬ

ਸਿੰਘ ਮਜੀਠੀਆ ਤੇ ਬਹਾਦਰ ਸਿੰਘ, ਇਹਨਾਂ ਕੋਲ ਨਾ ਤਾਂ ਤੋਪਾਂ ਸਨ ਤੇ ਸੈਨਿਕ ਵੀ ਥੋੜ੍ਹੇ ਸਨ। ਜਰਨੈਲ ਇਲਾਹੀ ਬਖਸ਼ ਦੀ ਫੌਜ ਦਾ ਫ਼ਿਰੋਜ਼ਸ਼ਾਹ ਵਿੱਚ ਭਾਰੀ ਨੁਕਸਾਨ ਹੋ ਗਿਆ ਸੀ ਅਤੇ 67 ਤੋਪਾਂ ਖੁਹਾ ਲਈਆਂ ਸਨ। ਹੁਣ ਇਹਨਾਂ ਕੋਲ ਸਤਲੁਜ ਦੇ ਕੰਢੇ ਤੇ ਸਿਰਫ 36 ਤੋਪਾਂ ਹੀ ਸਨ। ਸਭਰਾਓ ਵਿੱਚ ਲੜਨ ਵਾਲ਼ੀ ਫੌਜ ਦੀ ਕੁੱਲ ਗਿਣਤੀ 15000 ਸੀ।

ਜਨਰਲ ਗਫ਼ ਨੇ ਇਸ ਹਮਲੇ ਲਈ ਤਿੰਨ ਡਿਵੀਜ਼ਨਾਂ ਲਗਾ ਕਿ ਇਸ ਤਰ੍ਹਾਂ ਦੀ ਵਿਉਂਤਬੰਦੀ ਕੀਤੀ ਕਿ ਹੈਰੀ ਸਮਿੱਥ ਨੇ ਸ਼ਾਮ ਸਿੰਘ ਅਟਾਰੀ ਦਾ ਸਾਹਮਣਾ ਕਰਨਾ, ਸਰ ਵਾਲਟਰ ਰੈਲੇ ਗਿਲਬਰਟ ਨੇ ਮਹਿਤਾਬ ਸਿੰਘ ਮਜੀਠੀਆ ਦਾ ਤੇ ਰੋਬਰਟ ਡਿਕ ਨੇ ਕਰਨਲ ਮੂਟਨ ਦਾ ਸਾਹਮਣਾ ਕਰਨਾ ਸੀ। ਖੱਬੇ ਪਾਸਿਓਂ ਮੇਜਰ ਜਨਰਲ ਡਿਕ ਨੇ ਸਿੱਖਾਂ ਦੇ ਸੱਜੇ ਪਾਸੇ ਤੇ ਹਮਲਾ ਕਰਨਾ ਸੀ। ਉਸ ਦੀ ਦਸਵੀਂ ਫੁੱਟ ਨੂੰ ਐਸ਼ਬਰਨਮ ਦੀ ਪੰਜਵੀਂ ਬ੍ਰਿਗੇਡ ਨੇ ਸਪੋਰਟ ਦੇਣੀ ਸੀ। ਸਮਿੱਥ ਦੀ ਡਿਵੀਜ਼ਨ ਵਿੱਚ ਬਰਗੇਡੀਅਰ ਪੈਨੀ ਨੇ ਗੋਡਬੀ ਦੀ ਦੂਜੀ ਬ੍ਰਿਗੇਡ ਦੀ ਕਮਾਂਡ ਸੰਭਾਲ਼ੀ ਹੋਈ ਸੀ ਤੇ ਹਿੱਕਸ ਨੇ ਵ੍ਹੀਲਰ ਦੀ ਪਹਿਲੀ ਬ੍ਰਿਗੇਡ ਦੀ। ਪੈਨੀ ਦੀ ਬਰਿਗੇਡ ਸਭ ਤੋਂ ਅੱਗੇ ਗਿਲਬਰਟ ਸੱਜੇ, ਮਕਲਾਕੇਨ ਖੱਬੇ। ਤੀਜੀ ਲਾਈਟ ਡ੍ਰਾਗਨਸ ਨੇ ਘੋੜਿਆਂ ਦੀ ਲਗਾਮਾਂ ਨੂੰ ਚਮੜੇ ਦੀ ਥਾਂ ਲੋਹੇ ਦੀਆਂ ਜੰਜੀਰਾਂ ਪਾ ਲਈਆਂ। ਨੌਵੀਂ ਲਾਸਰ ਛੋਟੇ ਸਭਰਾਓਂ ਦੇ ਪਿੱਛੇ ਖੜਾ ਸੀ। ਬਾਕੀ ਕੈਵਲਰੀ ਨੂੰ ਹਰੀਕੇ ਖੜ੍ਹਾ ਕਰ ਦਿੱਤਾ ਗਿਆ। ਸਮਿੱਥ ਅਤੇ ਗਿਲਬਰਟ ਦੇ ਵਿਚਾਲੇ ਅੱਠ ਵੱਡੀਆਂ ਤੋਪਾਂ ਤੇ ਇੱਕ ਫੀਲਡ ਬੈਟਰੀ ਲਾ ਦਿੱਤੀ ਗਈ। ਗਫ਼ ਨੇ ਸਿੱਖ ਫੌਜਾਂ ਦੀ ਮੋਰਚਾਬੰਦੀ ਤੋਂ 1300 ਗਜ਼ ਦੂਰੀ ਤੇ ਵੱਡੀਆਂ ਤੋਪਾਂ ਅੱਠ- 8 ਇੰਚੀ ਤੇ ਛੇ-10 ਇੰਚੀ ਹਵਿਟਜ਼ਰ ਤੇ ਪੰਜ 18 ਪੌਂਡਰ ਅਤੇ ਖੱਬੇ ਪਾਸੇ ਰਾਕੇਟ ਬੈਟਰੀ ਲਾ ਕੇ ਤਿਆਰੀ ਦਾ ਹੁਕਮ ਦੇ ਦਿੱਤਾ।

ਫਿਰੋਜ਼ਸ਼ਾਹ ਵਿੱਚ ਜਨਰਲ ਗਫ਼ ਸਿੱਖ ਕਮਾਂਡਰਾਂ ਦੀ ਗ਼ਦਾਰੀ ਕਾਰਨ ਹੀ ਜਿੱਤਿਆ ਸੀ। ਉਸ ਨੂੰ ਸਿੱਖ ਫੌਜਾਂ ਦੇ ਹੌਂਸਲੇ ਅਤੇ ਬਹਾਦਰੀ ਦਾ ਪੂਰਾ ਧਿਆਨ ਸੀ। ਉਹ ਹੁਣ ਪੱਕੇ ਪੈਰੀ ਹੀ ਸਿੱਖ ਫੌਜਾਂ ਨੂੰ ਘੇਰਨ ਦੀ ਤਿਆਰੀ ਕਰਨ ਲੱਗਾ। ਉਹ ਦਿੱਲੀ ਤੋਂ ਗੋਲਾ ਬਰੂਦ ਲੈ ਕੇ ਆਉਣ ਵਾਲ਼ੀ ਰੇਲ ਗੱਡੀ ਦਾ ਇੰਤਜ਼ਾਰ ਕਰ ਰਿਹਾ ਸੀ। ਉਸ ਨੇ ਪੱਕਾ ਫੈਸਲਾ ਕਰ ਲਿਆ ਸੀ ਕਿ ਜਦ ਤੱਕ ਸਿੱਖ ਉਸ ਨੂੰ ਉਕਸਾਉਂਦੇ ਨਹੀਂ ਉਹ ਹਮਲਾ ਨਹੀਂ ਕਰੇਗਾ,ਸਗੋਂ ਸਾਹਮਣੇ ਆਪਣੀ ਮੋਰਚਾਬੰਦੀ ਮਜ਼ਬੂਤ ਕਰੇਗਾ। ਉਸ ਨੂੰ 13 ਜਨਵਰੀ ਨੂੰ ਗਵਰਨਰ ਜਨਰਲ ਨੇ ਤੇਰਾਂ 24 ਪੌਂਡਰ, ਪੰਜ 18 ਪੌਂਡਰ ਛੇ 10 ਇੰਚ ਤੇ ਇੱਕ ਹਵਿਟਜ਼ਰ ਆਠ ਇੰਚੀ ਲਿਜਾਣ ਦੀ ਇਜਾਜ਼ਤ ਦਿੰਦਿਆਂ

ਸਤਲੁਜ ਵੱਲ ਜਾਣ ਤੋਂ ਰੋਕ ਦਿੱਤਾ। 7 ਫਰਵਰੀ ਨੂੰ ਗੋਲਾ ਬਰੂਦ ਵਾਲ਼ੀ ਰੇਲ ਗੱਡੀ ਵੀ ਗਫ਼ ਦੇ ਕੈਂਪ ਨਿਹਾਲਕੇ ਵਿਖੇ ਪੁੱਜ ਗਈ। ਉਸ ਕੋਲ਼ 24 ਪੌਂਡਰਾਂ ਤੋਂ ਇਲਾਵਾ ਬਾਕੀ ਸਾਰਾ ਕੁਝ ਪਹੁੰਚ ਗਿਆ ਸੀ।

27 ਜਨਵਰੀ ਨੂੰ ਲਾਹੌਰ ਦਰਬਾਰ ਦੇ ਸੱਦੇ ਤੇ ਗੁਲਾਬ ਸਿੰਘ ਲਾਹੌਰ ਪਹੁੰਚ ਕੇ ਵਜ਼ੀਰ ਬਣ ਗਿਆ। ਉਸ ਨੇ ਚੋਰੀ ਚੋਰੀ ਆਪਣਾ ਦੂਤ ਡਾਕਟਰ ਬੰਸੀ ਲਾਲ ਘੋਸ਼ ਅੰਗਰੇਜ਼ਾਂ ਕੋਲ਼ ਭੇਜਿਆ ਕਿ ਜੇਕਰ ਉਸ ਦੇ ਕੋਲ਼ ਕਸ਼ਮੀਰ ਸਮੇਤ ਮੌਜੂਦਾ ਰਿਆਸਤ ਰਹਿਣ ਦੇਣ ਤਾਂ ਉਹ ਉਹਨਾਂ ਨੂੰ ਚਾਰ ਆਨੇ ਟੈਕਸ ਭਰਨ ਲਈ ਤਿਆਰ ਹੈ। ਹਾਰਡਿੰਗ ਵੀ ਲਾਹੌਰ ਦਰਬਾਰ ਨਾਲ਼ ਗੁਲਾਬ ਸਿੰਘ ਕਾਰਨ ਸਮਝੌਤੇ ਲਈ ਤਿਆਰ ਸੀ ਅਤੇ ਸਿੱਖਾਂ ਨਾਲ਼ ਲੰਬੀ ਲੜਾਈ ਕਰਨ ਤੋਂ ਟਲਦਾ ਸੀ। ਅੰਗਰੇਜ਼ਾਂ ਨੇ ਗੁਲਾਬ ਸਿੰਘ ਰਾਹੀਂ ਲਾਹੌਰ ਦਰਬਾਰ ਨਾਲ਼ ਸਮਝੌਤੇ ਲਈ ਸ਼ਰਤ ਰੱਖੀ ਕਿ ਖ਼ਾਲਸਾ ਫੌਜ ਨੂੰ ਜਾਂ ਤਾਂ ਭੰਗ ਕਰ ਦਿੱਤਾ ਜਾਵੇ ਜਾਂ ਘਟਾ ਦਿੱਤਾ ਜਾਵੇ ਤੇ ਕਮਜ਼ੋਰ ਕਰ ਦਿੱਤਾ ਜਾਵੇ। ਪੰਜਾਬ ਦੀਆਂ ਖੁਫ਼ੀਆਂ ਏਜੰਸੀਆਂ ਅਨੁਸਾਰ ਗੁਲਾਬ ਸਿੰਘ ਨੇ ਖ਼ਾਲਸਾ ਫੌਜ ਨੂੰ ਸਭਰਾਵਾਂ ਤੋਂ ਵਾਪਸ ਮੋੜਨ ਦਾ ਹੁਕਮ ਦਿੱਤਾ ਅਤੇ ਸਤਲੁਜ ਪਾਰ ਲਾਹੌਰ ਦੇ ਇਲਾਕੇ ਵਿੱਚ ਆਉਣ ਲਈ ਕਿਹਾ। ਖਾਲਸਾ ਫੌਜ ਨੇ ਇਨਕਾਰ ਕਰ ਦਿੱਤਾ। ਇਸ ਤੇ ਗੁਲਾਬ ਸਿੰਘ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਉਸ ਨੇ ਖ਼ਾਲਸਾ ਫੌਜ ਨੂੰ ਬੇਦਖ਼ਲ ਕਰ ਦਿੱਤਾ ਹੈ। ਉਸ ਨੂੰ ਹਰਾ ਕੇ ਬਿਨਾਂ ਕਿਸੇ ਵਿਰੋਧ ਦੇ ਲਾਹੌਰ ਤੇ ਕਬਜ਼ਾ ਕਰ ਸਕਦੇ ਹੋ। ਇਸ ਤਰ੍ਹਾਂ ਫਰੇਬੀ ਤੇ ਬੇਸ਼ਰਮ ਧੋਖੇਬਾਜ਼ੀ ਵਾਲ਼ੀ ਚਾਲ ਨਾਲ਼ ਗੁਲਾਬ ਸਿੰਘ ਤੇ ਅੰਗਰੇਜ਼ਾਂ ਨੇ ਸੁਭਰਾਓਂ ਦੀ ਲੜਾਈ ਲੜੀ।

10 ਫਰਵਰੀ ਦੀ ਸਵੇਰ ਨੂੰ ਬਾਰਿਸ਼ ਕਾਰਨ ਸਤਲੁਜ ਦਾ ਪਾਣੀ ਵੀ ਚੜ ਗਿਆ ਧੁੰਦ ਵੀ ਬਹੁਤ ਸੀ। ਪੁਲ ਜਾਂ ਕਿਸ਼ਤੀਆਂ ਤੋਂ ਬਿਨਾਂ ਪਾਰ ਲੰਘਣਾ ਮੁਸ਼ਕਿਲ ਸੀ। ਗਫ਼ ਨੇ ਸਵੇਰੇ 6 ਵਜੇ ਹਮਲਾ ਕਰਨ ਦੀ ਤਿਆਰੀ ਖਿੱਚ ਦਿੱਤੀ। ਧੁੱਪ ਨਿਕਲਣ ਤੱਕ ਉਹ ਧੁੰਦ ਦਾ ਫ਼ਾਇਦਾ ਉਠਾ ਕੇ ਸਿੱਖ ਮੋਰਚਿਆਂ ਦੇ ਸਾਹਮਣੇ ਜਾ ਖੜੇ ਹੋਏ। ਰੋਡਾਵਾਲਾ ਸਾਰਾ ਪਿੰਡ ਅੰਗਰੇਜ਼ ਸੈਨਿਕਾਂ ਨਾਲ਼ ਭਰ ਗਿਆ। ਜੰਗ ਦਾ ਬਿਗਲ ਵੱਜਿਆ ਅਤੇ ਤੋਪਾਂ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸਿੱਖ ਫੌਜਾਂ ਦੇ ਜਵਾਬੀ ਗੋਲੇ ਅੰਗਰੇਜ਼ੀ ਫੌਜ ਤੇ ਵਰ੍ਹਨ ਲੱਗੇ। ਦੋ ਘੰਟੇ ਲਗਾਤਾਰ ਗੋਲਾਬਾਰੀ ਹੋਈ। 1300 ਗਜ਼ ਦੀ ਦੂਰੀ ਹੋਣ ਕਰਕੇ ਸਿੱਖ ਤੋਪਾਂ ਪੂਰੇ ਨਿਸ਼ਾਨੇ ਤੇ ਨਹੀਂ ਸੀ ਪਹੁੰਚ ਰਹੀਆਂ ਪਰ ਸਿੱਖ ਡਟੇ ਰਹੇ। ਸਿੱਖ ਰਸਾਲੇ ਰਾਕਟਾਂ ਨਾਲ਼ ਕੈਵਲਰੀ ਤੇ ਘੋੜਿਆਂ ਦਾ ਨੁਕਸਾਨ ਕਰਨ ਲੱਗੇ। ਅੰਗਰੇਜ਼ ਫੌਜ ਕੋਲ਼ ਅਚਾਨਕ ਬਰੂਦ ਮੁੱਕ ਗਿਆ। ਗਫ਼ ਨੇ ਸਾਰ ਰੋਬਰਟ ਡਿਕ ਨੂੰ

ਹਮਲਾ ਕਰਨ ਦਾ ਹੁਕਮ ਦਿੱਤਾ। ਸਵੇਰ ਦੇ 9 ਵਜ ਚੁੱਕੇ ਸਨ ਬ੍ਰਿਗੇਡੀਅਰ ਸਟੇਸੀ ਦੀ ਸੱਤਵੀਂ ਬ੍ਰਿਗੇਡ ਡਿਕ ਦੀ ਤੀਜੀ ਡਿਵੀਜ਼ਨ ਦੇ ਅੱਗੇ ਸੀ। ਕਰਨਲ ਲੇਨ ਦੀ ਆਰਟਿਲਰੀ ਤੇ ਕੈਪਟਨ ਹੋਰਸਫੋਰਡ ਤੇ ਫੋਰਡਾਈਸ ਦੀਆਂ ਬੈਟਰੀਆਂ ਅੱਗੇ ਪਹੁੰਚ ਕੇ ਇਨਫੈਨਟਰੀ ਦਾ ਸਾਥ ਦੇ ਰਹੀਆਂ ਸਨ। ਸਿੱਖਾਂ ਦੇ ਗੋਲੇ ਉਹਨਾਂ ਦੇ ਉੱਪਰੋਂ ਦੀ ਜਾ ਰਹੇ ਸਨ। ਜਨਰਲ ਰੋਬਰਟ ਡਿਕ ਨੂੰ ਗੋਲੀ ਲੱਗੀ ਤੇ ਉਹ ਮਰ ਗਿਆ। ਸਟੇਸੀ ਦੀ ਬ੍ਰਿਗੇਡ ਹਾਰ ਕੇ ਪਿੱਛੇ ਆ ਗਈ ਅਤੇ ਗਫ਼ ਦਾ ਇਹ ਪਹਿਲਾਂ ਹਮਲਾ ਫੇਲ ਹੋ ਗਿਆ। ਗਫ਼ ਨੇ ਸਮਿੱਥ ਤੇ ਗਿਲਬਰਟ ਨੂੰ ਤਕੜੇ ਹਮਲੇ ਕਰਨ ਦਾ ਹੁਕਮ ਦਿੱਤ ਸਿੱਖਾਂ ਦੇ ਖੱਬੇ ਪਾਸੇ ਬ੍ਰਿਗੇਡੀਅਰ ਪੈਨੀ ਤੇ ਹੈਰੀ ਸਮਿੱਥ ਦੀ ਡਿਵੀਜ਼ਨ ਦਾ ਵੀ ਉਹੀ ਹਾਲ ਹੋਇਆ। ਇਹ ਹਮਲਾ ਵੀ ਫੇਲ ਹੋ ਗਿਆ। ਸ਼ਾਹੀ 31ਵੀਂ ਦਾ ਝੰਡਾ ਫੜਨ ਵਾਲ਼ਾ ਐਨਸਾਈਨ ਜੋਨਸ ਵੀ ਮਾਰਿਆ ਗਿਆ। ਲੈਫਟੀਨੈਂਟ ਨੋਇਲ ਸਾਰਜੈਂਟ ਮਕਾਬੀ ਨੇ ਸਿੱਖਾਂ ਨੂੰ ਪਿੱਛੇ ਧੱਕ ਦਿੱਤਾ।

ਗਫ਼ ਦੇ ਹੁਕਮ ਤੇ ਗਿਲਬਰਟ ਦੀ ਡਿਵੀਜ਼ਨ ਨੇ ਵਿਚਕਾਰ ਹਮਲਾ ਪਰ ਸਿੱਖ ਫੌਜਾਂ ਨੇ ਮੂੰਹ ਤੋੜ ਜਵਾਬ ਦਿੱਤਾ। ਮਹਿਤਾਬ ਸਿੰਘ ਮਜੀਠੀਆ ਦੀ ਫੌਜ ਸਭ ਤੋਂ ਤਕੜੀ ਸੀ। ਉਸ ਦਾ ਮੁਕਾਬਲਾ ਕਰਨ ਲਈ ਬੰਗਾਲ ਯੂਰਪੀਅਨ ਰਜਮੈਂਟ ਪੂਰੇ ਜ਼ੋਰ ਨਾਲ਼ ਅੱਗੇ ਵਧੀ ਪਰ ਉਹ ਡੂੰਘੀ ਸੁੱਕੀ ਖਾਈ ਵਿੱਚ ਘਿਰ ਗਈ। ਉਸੇ ਵੇਲੇ ਡਿਕ ਦੀ ਬ੍ਰਿਗੇਡ ਸ਼ਾਮ ਸਿੰਘ ਅਟਾਰੀ ਦੀ ਮੋਰਚਾਬੰਦੀ ਵਿੱਚ ਆ ਘੁਸ ਗਈ। ਭਿਆਨਕ ਲੜਾਈ ਹੋਈ ਸ਼ਾਹੀ 31ਵੀਂ ਤੇ 50ਵੀਂ ਰਜਮੈਂਟ ਨੇ ਖੂਬ ਟਾਕਰਾ ਕੀਤਾ। ਅੱਧੇ ਘੰਟੇ ਵਿੱਚ ਸਮਿੱਥ ਦੀ ਡਿਵੀਜ਼ਨ ਦੇ 489 ਬੰਦੇ ਤੇ ਗਿਲਬਰਟ ਦੀ ਡਿਵੀਜ਼ਨ ਦੇ 685 ਬੰਦੇ ਮਾਰੇ ਗਏ। ਸਿੱਖਾਂ ਨੂੰ ਵਿਚਕਾਰਲੀ ਮੋਰਚਾਬੰਦੀ ਮਜ਼ਬੂਤ ਕਰਨੀ ਜ਼ਰੂਰੀ ਹੋ ਗਈ ਉਹਨਾਂ ਸੱਜੇ ਪਾਸੇ ਨੂੰ ਹਲਕਾ ਕਰਕੇ ਵਿਚਕਾਰ ਲੈ ਆਂਦਾ। ਡਿਕ ਦੀ ਡਿਵੀਜ਼ਨ ਨੇ ਹਮਲਾ ਕਰਕੇ ਗੰਨਰਾਂ ਨੂੰ ਮਾਰ ਕੇ ਮੋਰਚਾ ਬੰਦੀ ਤੋੜ ਦਿੱਤੀ। ਜਨਰਲ ਗਿਲਬਰਟ ਤੇ ਬ੍ਰਿਗੇਡੀਅਰ ਮਕਲਾਰੇਨ ਜ਼ਖ਼ਮੀ ਹੋ ਗਏ ਅਤੇ ਬ੍ਰਿਗੇਡੀਅਰ ਟੇਲਰ ਮਾਰਿਆ ਗਿਆ। ਅੰਗਰੇਜ਼ਾਂ ਦੀਆਂ ਤਿੰਨ ਡਿਵੀਜ਼ਨਾਂ ਨੇ ਸਿੱਖ ਮੋਰਚਾ ਬੰਦੀ ਨੂੰ ਤੋੜ ਦਿੱਤਾ। ਜਨਰਲ ਗਫ਼ ਨੇ ਜਨਰਲ ਥੈਕਵੇਲ ਨੂੰ ਸਿੱਖ ਤੋਪਾਂ ਤੇ ਹਮਲਾ ਕਰਨ ਦਾ ਹੁਕਮ ਦਿੱਤਾ। ਇੱਕ ਸਿੱਖ ਬੈਟਰੀ ਨੇ ਡ੍ਰਾਗਨਸ ਅਤੇ ਬੰਗਾਲ ਕੈਵਲਰੀ ਰਜਮੈਂਟ ਤੇ ਹਮਲਾ ਕਰਕੇ ਉੱਥੇ ਹੀ ਰੋਕ ਲਿਆ।

ਲੜਾਈ ਨਾਜ਼ੁਕ ਮੋੜ ਤੇ ਪਹੁੰਚ ਚੁੱਕੀ ਸੀ। ਇਸ ਮੌਕੇ ਸਿੱਖਾਂ ਦੇ ਕਮਾਂਡਰ-ਇਨ-ਚੀਫ ਤੇਜਾ ਸਿੰਘ ਨੇ ਗ਼ਦਾਰੀ ਕਰਦਿਆਂ ਮੈਦਾਨ ਛੱਡ ਦਿੱਤਾ

ਅਤੇ ਬੇੜੀਆਂ ਦਾ ਪੁੱਲ ਪਾਰ ਕਰਕੇ ਸਤਲੁਜ ਦੇ ਦੂਜੇ ਪਾਸੇ ਚਲਾ ਗਿਆ। ਉਸ ਨੇ ਸਿੱਖਾਂ ਦੀ ਵਿਚਕਾਰਲੀ ਮੋਰਚਾਬੰਦੀ ਤੇ ਤਾਕਤ ਨੂੰ ਭੰਗ ਕਰ ਦਿੱਤਾ। ਸਿੱਖਾਂ ਨੂੰ ਆਪਣੇ ਹਾਲ ਤੇ ਛੱਡ ਦਿੱਤਾ।

ਬੁੱਢਾ ਸ਼ੇਰ ਸਿੱਖ ਸਰਦਾਰ ਸ਼ਾਮ ਸਿੰਘ ਅਟਾਰੀ ਵਾਲ਼ਾ ਹੈਰੀ ਸਮਿੱਥ ਦੇ ਨਾਲ਼ ਲੜ ਰਿਹਾ ਸੀ। ਉਸਨੇ ਮੁੱਦਕੀ ਤੋਂ ਆਉਣ ਦੇ ਬਾਅਦ ਜਿੱਤ ਜਾਂ ਸ਼ਹੀਦੀ ਦੀ ਸਹੁੰ ਪਾ ਕੇ ਜੰਗ ਵਿੱਚ ਹਿੱਸਾ ਲਿਆ। ਉਹ ਉਹ ਚਿੱਟੇ ਵਸਤਰ ਪਹਿਣ ਕੇ ਜੰਗ ਵਿੱਚ ਆਇਆ। ਸਿੱਖਾਂ ਨੂੰ ਵੰਗਾਰਿਆ ਭਾਰੀ ਘਮਸਾਨ ਦੇ ਯੁੱਧ ਵਿੱਚ ਸ਼ਹੀਦੀ ਪਾ ਗਿਆ। ਉਸ ਦੀ ਬਹਾਦਰੀ ਦੇ ਚਰਚੇ ਅੱਜ ਵੀ ਅੰਗਰੇਜ਼ੀ ਦਸਤਾਵੇਜ਼ਾਂ ਵਿੱਚ ਮਿਲ਼ਦੇ ਹਨ। ਅਗਲੇ ਦਿਨ ਉਸ ਦਾ ਤੇ ਉਸ ਦੇ 53 ਹੋਰ ਸਾਥੀਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇੰਜਨੀਅਰਾਂ ਦੀ ਬਣਾਈ ਮਜਬੂਤ ਸਿੱਖ ਮੋਰਚਾ ਬੰਦੀ ਵਿੱਚ ਤਰੇੜ ਪੈ ਗਈ। ਇਨਫੈਂਟਰੀ ਕੈਵਲਰੀ ਤੇ ਤੋਪਾਂ ਨੇ ਇਕੱਠੇ ਵਾਰ ਕੀਤੇ ਪਰ ਸਿੱਖ ਜਰਨੈਲ ਦੀ ਅਣਹੋਂਦ ਤੇ ਵੀ ਆਖਰ ਤੱਕ ਲੜਨ ਜਾਂ ਮਰਨ ਲਈ ਡਟੇ ਰਹੇ। ਆਖ਼ਰ ਜਦੋਂ ਕੋਈ ਹੋਰ ਵਾਹ ਨਾ ਚੱਲੀ ਤਾਂ ਉਹ ਤੇਜਾ ਸਿੰਘ ਦੇ ਕੁਝ ਬੰਦਿਆਂ ਦੇ ਝਾਂਸੇ ਵਿੱਚ ਪਿੱਛੇ ਮੁੜਨ ਲੱਗ ਪਏ। ਉਹਨਾਂ ਨੂੰ ਵੇਖ ਕੇ ਬਾਕੀ ਖ਼ਾਲਸਾ ਫੌਜ ਪਿੱਛੇ ਹਟਣ ਲੱਗੀ। ਬੇੜੀਆਂ ਦਾ ਪੁਲ ਫੌਜੀਆਂ ਹਥਿਆਰਾਂ ਤੇ ਘੋੜਿਆਂ ਦਾ ਭਾਰ ਨਾ ਝੱਲਦਾ ਹੋਇਆ ਟੁੱਟ ਗਿਆ। ਦੂਜੇ ਕਿਨਾਰੇ ਤੇ ਪੁਜਣ ਦੀ ਆਸ ਲਾਏ ਸਾਰੇ ਨਦੀ ਵਿੱਚ ਰੁੜ ਗਏ। ਇੱਥੇ ਅੰਗਰੇਜ਼ ਫੌਜ ਦੀ ਆਰਟਿਲਰੀ ਨੇ ਫਿਰ ਇੱਕ ਵਾਰ ਹਮਲਾ ਕੀਤਾ ਪਰ ਬਚੇ ਖੁਚੇ ਸਿੱਖ ਫੌਜੀ ਫਿਰ ਬੜੀ ਬਹਾਦਰੀ ਨਾਲ਼ ਆਖ਼ਰੀ ਦਮ ਤੱਕ ਟਾਕਰਾ ਕਰਦੇ ਰਹੇ। ਦੁਪਹਿਰ ਤੱਕ ਜੰਗ ਖਤਮ ਹੋ ਗਈ 5000 ਤੋਂ 8000 ਤੱਕ ਸਿੱਖ ਫੌਜੀ ਮਰੇ ਜਿਨਾਂ ਵਿੱਚੋਂ 3125 ਫੌਜੀਆਂ ਦੇ ਵਾਰਸਾਂ ਨੇ ਕਲੇਮ ਭਰੇ। ਇਸ ਜੰਗ ਵਿੱਚ ਸਿੱਖ ਫੌਜ ਦੇ ਸਰਦਾਰ ਸ਼ਾਮ ਸਿੰਘ ਅਟਾਰੀ, ਗੁਲਾਬ ਸਿੰਘ ਕੂਪਤਾ, ਹੀਰਾ ਸਿੰਘ ਟੋਪੀ, ਕਿਸ਼ਨ ਸਿੰਘ ਮੁਬਾਰਕ ਅਲੀ ਇਲਾਹੀ ਬਖਸ਼ ਤੇ ਕਸੂਰ ਦੇ ਫਤਿਹ ਦੀਨ ਦਾ ਪੁੱਤਰ ਸ਼ਾਹ ਨਮਾਜ਼ ਖਾਨ ਸ਼ਹੀਦ ਹੋਏ।

ਇਸ ਜੰਗ ਵਿੱਚ ਪਿੰਡ ਫਿਰੋਜ਼ਸ਼ਾਹ ਦਾ ਬਹਾਦਰ ਸਪੂਤ ਗੁਲਾਬ ਸਿੰਘ ਜੋ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਬਹਾਦਰ ਫੌਜੀ ਸੀ, ਉਹ 10 ਫਰਵਰੀ 1846 ਨੂੰ ਸਭਰਾਵਾਂ ਪਿੰਡ ਵਿਖੇ ਹੋਈ ਅੰਗਰੇਜਾਂ ਅਤੇ ਸਿੱਖਾਂ ਦੀ ਜੰਗ ਵਿੱਚ ਸ਼ਹੀਦ ਹੋਇਆ ਅਤੇ ਪਿੰਡ ਦਾ ਨਾਂ ਰੌਸ਼ਨ ਕਰ ਗਿਆ। ਬਾਬਾ ਗੁਲਾਬ ਸਿੰਘ ਦੀ ਯਾਦ ਵਿੱਚ ਪਿੰਡ ਫ਼ਿਰੋਜ਼ਸ਼ਾਹ ਵਿੱਚ ਗੁਰਦੁਆਰਾ ਸਾਹਿਬ ਵੀ ਬਣਿਆ ਹੈ।

ਅੰਗਰੇਜ਼ਾਂ ਦੇ 13 ਅਫ਼ਸਰ,ਤਿੰਨ ਹਿੰਦੁਸਤਾਨੀ ਅਫ਼ਸਰ ਮਰੇ, 101 ਅੰਗਰੇਜ਼ ਤੇ 39 ਹਿੰਦੁਸਤਾਨ ਦੀ ਅਫ਼ਸਰ ਜ਼ਖਮੀ ਹੋਏ। 301 ਵਰੰਟ ਅਫ਼ਸਰ ਮਰੇ 1913 ਜ਼ਖ਼ਮੀ ਹੋਏ। ਮਰਨ ਵਾਲਿਆਂ ਵਿੱਚ ਮੇਜਰ ਜਨਰਲ ਸਰ ਰੋਬਰਟ ਡਿਕ ਤੇ ਬ੍ਰਿਗੇਡੀਅਰ ਟੇਲਰ ਸ਼ਾਮਿਲ ਸਨ। ਜ਼ਖ਼ਮੀ-ਮੇਜਰ ਜਨਰਲ ਗਿਲਬਰਟ, ਬ੍ਰਿਗੇਡੀਅਰ ਸਟੇਸੀ, ਬ੍ਰਿਗੇਡੀਅਰ ਪੈਨੀ, ਬ੍ਰਿਗੇਡੀਅਰ ਮਕਲਾਰੇਨ, ਲੈਫਟੀਨੈਂਟ ਕਰਨਲ ਗਫ਼, ਲੈਫਟੀਨੈਂਟ ਕਰਨਲ ਰਿਆਨ, ਲੈਫਟੀਨੈਂਟ ਕਰਨਲ ਬਾਰ,ਲੈਫਟੀਨੈਂਟ ਕਰਨਲ ਪੇਤੀਤ ਸਨ। ਸਭ ਤੋਂ ਵੱਧ ਨੁਕਸਾਨ ਸ਼ਾਹੀ 50ਵੀਂ ਰਜਮੈਂਟ ਦਾ ਹੋਇਆ। ਸਿੱਖਾਂ ਨੇ ਸਭਰਾਵਾਂ ਵਿੱਚ 67 ਤੋਪਾਂ ਤੇ 200 ਜੰਬਰੂਕਾਂ ਹਾਰੀਆਂ। ਬਾਅਦ ਵਿੱਚ ਲਾਹੌਰ ਸੰਧੀ ਵਿੱਚ ਸਿੱਖ ਫੌਜ ਨੂੰ 36 ਹੋਰ ਤੋਪਾਂ ਅੰਗਰੇਜ਼ਾਂ ਨੂੰ ਦੇਣੀਆਂ ਪਈਆਂ।

ਇਸ ਜੰਗ ਨੂੰ ਜਿੱਤਣ ਤੋਂ ਬਾਅਦ ਅੰਗਰੇਜ਼ ਫੌਜ ਸਤਲੁਜ ਪਾਰ ਕਰ ਗਈ। ਵਿਲਕਿਨਸਨ ਦੀ ਛੇਵੀਂ ਬ੍ਰਿਗੇਡ 25 ਮੀਲ ਅੱਗੇ ਤੱਕ ਗਈ। ਕੁਝ ਫੌਜ ਕਸੂਰ ਤੇ ਲਾਹੌਰ ਦੇ ਇਲਾਕੇ ਵਿੱਚ ਦਾਖ਼ਲ ਹੋ ਗਈ। 12 ਫਰਵਰੀ ਨੂੰ ਉਹ ਕਸੂਰ ਪਹੁੰਚ ਗਏ ਜਿੱਥੇ ਹਾਰਡਿੰਗ ਨੇ ਵਜ਼ੀਰ ਗੁਲਾਬ ਸਿੰਘ ਨੂੰ ਗੱਲਬਾਤ ਲਈ ਸੁਨੇਹਾ ਭੇਜਿਆ। 15 ਫਰਵਰੀ ਨੂੰ ਰਾਜਾ ਗੁਲਾਬ ਸਿੰਘ ਸਰਦਾਰਾਂ ਦੇ ਜਥੇ ਨਾਲ਼ ਕਸੂਰ ਪਹੁੰਚ ਗਿਆ ਜਿੱਥੇ ਗਵਰਨਰ ਜਨਰਲ ਨੇ ਘੋਸ਼ਣਾ ਕੀਤੀ ਕਿ ਅੰਗਰੇਜ਼ਾਂ ਦਾ ਮੰਤਵ ਪੂਰਾ ਹੋ ਗਿਆ ਹੈ। ਉਸ ਨੇ ਲਾਹੌਰ ਤੇ ਅਜੇ ਕਬਜ਼ਾ ਨਾ ਕਰਨ ਦਾ ਸੋਚਿਆ ਕਿਉਂਕਿ ਉਹ ਜਾਣਦਾ ਸੀ ਕਿ ਸਿੱਖਾਂ ਕੋਲ਼ ਹਾਲੇ ਵੀ ਤਕੜੀ ਫੌਜ ਹੈ ਭਾਵੇਂ ਉਹ ਚਾਰ ਲੜਾਈਆਂ ਹਾਰ ਚੁੱਕੇ ਹਨ। ਇਸ ਵੇਲ਼ੇ ਲਾਲ਼ ਸਿੰਘ ਕੋਲ 36 ਤੋਪਾਂ ਹਨ। ਅੰਮ੍ਰਿਤਸਰ, ਲਾਹੌਰ, ਮੁਲਤਾਨ ਤੇ ਪਿਸ਼ਾਵਰ ਵਿੱਚ 25 ਹਜਾਰ ਫੌਜੀ ਅਤੇ 50 ਤੋਪਾਂ ਅਜੇ ਬਾਕੀ ਹਨ। ਉਸ ਨੇ ਸੋਚਿਆ ਕਿਉਂ ਨਾ ਲੰਬੀ ਜੰਗ ਲੜਨ ਦੀ ਬਜਾਏ ਲਾਹੌਰ ਨੂੰ ਸੁਤੰਤਰ ਸਟੇਟ ਰਹਿਣ ਦਿੱਤਾ ਜਾਵੇ ਜਿਸ ਦਾ ਪ੍ਰਬੰਧ ਅੰਗਰੇਜ਼ ਰੈਜੀਡੈਂਟ ਕੋਲ਼ ਹੋਵੇ ਜੋ ਹੌਲੀ ਹੌਲੀ ਸਿੱਖਾਂ ਨੂੰ ਕਮਜ਼ੋਰ ਕਰ ਦੇਵੇਗਾ।

## ਮੁਲਤਾਨ ਦੀ ਬਗ਼ਾਵਤ

ਪਹਿਲੀ ਅੰਗਰੇਜ਼ਾਂ ਅਤੇ ਸਿੱਖਾਂ ਦੀ ਜੰਗ ਵਿੱਚ ਸਿੱਖ ਕਮਾਂਡਰਾਂ ਦੀ ਗਦਾਰੀ, ਲਾਹੌਰ ਦਰਬਾਰ ਦੀ ਸਾਜ਼ਿਸ਼, ਲਾਲ ਸਿੰਘ,ਤੇਜਾ ਸਿੰਘ ਤੇ ਗੁਲਾਬ ਸਿੰਘ ਹੋਰਾਂ ਦੀ ਸਿੱਖ ਫੌਜ ਨੂੰ ਕਮਜ਼ੋਰ ਕਰਨ ਦੀ ਨੀਤੀ ਅਤੇ ਕਸ਼ਮੀਰ ਦਾ ਰਾਜ ਹਥਿਆਉਣ ਦੀ ਲਾਲਸਾ ਨੇ ਲਾਹੌਰ ਦਰਬਾਰ ਦੇ ਟੁਕੜੇ ਟੁਕੜੇ ਕਰ ਦਿੱਤੇ। ਮਹਾਰਾਜਾ ਰਣਜੀਤ ਸਿੰਘ ਦੀ ਉਹ ਸਲਤਨਤ ਜਿਸ ਨੂੰ ਉਸਨੇ ਬੜੀ

ਮਿਹਨਤ ਤੇ ਫੌਜ ਦੀਆਂ ਕੁਰਬਾਨੀਆਂ ਨਾਲ਼ ਕਾਇਮ ਕੀਤਾ ਸੀ ਹੌਲੀ ਹੌਲੀ ਗਵਾਚ ਰਹੀ ਸੀ। ਜਲੰਧਰ, ਫਿਲੌਰ, ਫਗਵਾੜਾ ਤੇ ਸੁਲਤਾਨਪੁਰ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਚੁੱਕੇ ਸਨ। ਗੁਲਾਬ ਸਿੰਘ ਨੂੰ ਅੰਗਰੇਜ਼ਾਂ ਨੇ 75 ਲੱਖ ਵਿੱਚ ਕਸ਼ਮੀਰ ਵੇਚ ਦਿੱਤਾ। ਆਮ ਸਿੱਖਾਂ ਦੀ ਨਜ਼ਰਾਂ ਵਿੱਚ ਜੋ ਗ਼ਦਾਰ ਸਨ - ਗੁਲਾਬ ਸਿੰਘ, ਤੇਜਾ ਸਿੰਘ, ਲਾਲ ਸਿੰਘ ਤੇ ਰਣਜੋਧ ਸਿੰਘ ਮਜੀਠੀਆ ਹੁਣ ਕੌਂਸਲ ਆਪ ਰੀਜੰਸੀ ਦੇ ਨਾਮ ਤੇ ਰਾਜ ਕਰਨ ਲੱਗੇ। ਲਾਹੌਰ ਦਰਬਾਰ ਹੁਣ ਇੱਕ ਨਾਮ ਦਾ ਹੀ ਦਰਬਾਰ ਰਹਿ ਗਿਆ ਸੀ ਜੋ ਇੱਕ ਵਿਦੇਸ਼ੀ ਤਾਕਤ ਤੇ ਨਿਰਭਰ ਸੀ। ਹੈਨਰੀ ਹਾਰਡਿੰਗ ਨੇ ਉਹ ਸਾਰੇ ਟੈਕਸ ਜੋ ਬਾਕੀ ਹਿੰਦੁਸਤਾਨ ਤੇ ਲੱਗ ਰਹੇ ਸੀ ਪੰਜਾਬ ਵਿੱਚ ਵੀ ਲਾ ਦਿੱਤੇ। ਸਤੀ ਦੀ ਰਸਮ ਤੇ ਹੱਥ ਪੈਰ ਕੱਟਣ ਦੀ ਸਜ਼ਾ ਹਟਾ ਦਿੱਤੀ। ਭਾਵੇਂ ਕਿ ਇਹ ਸੁਧਾਰ ਲੋਕਾਂ ਦੀ ਬਿਹਤਰੀ ਵਾਸਤੇ ਸੀ ਪਰ ਲੋਕਾਂ ਨੇ ਇਸਨੂੰ ਦਖਲ ਅੰਦਾਜ਼ੀ ਸਮਝਿਆ। ਲਾਹੌਰ ਦਰਬਾਰ ਦੇ ਵਫਾਦਾਰਾਂ ਵਿੱਚ ਬਗਾਵਤ ਦੇ ਸੁਰ ਅੰਦਰੋਂ ਅੰਦਰੀ ਸੁਲਗ ਰਹੇ ਸਨ। ਉਧਰ ਕਸ਼ਮੀਰ ਦੇ ਗਵਰਨਰ ਸ਼ੇਖ ਇਮਾਮੁਦੀਨ ਨੇ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਕਬਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ਾਂ ਤੇ ਲਾਹੌਰ ਦੀ ਮਿਲੀ ਫੌਜ ਨੇ ਹੈਨਰੀ ਲਾਰਸ ਦੀ ਕਮਾਨ ਹੇਠ ਗਵਰਨਰ ਜਰਨਲ ਦੇ ਹੁਕਮ ਨੂੰ ਲਾਗੂ ਕਰਨ ਲਈ ਹਮਲਾ ਕੀਤਾ। ਤਾਂ ਗਵਰਨਰ ਸ਼ੇਖ ਇਮਾਮੁਦੀਨ ਨੇ ਗੋਡੇ ਟੇਕ ਦਿੱਤੇ ਤੇ ਕਿਹਾ ਕਿ ਇਹ ਸਾਰਾ ਕੰਮ ਉਸਨੇ ਲਾਲ ਸਿੰਘ ਦੇ ਹੁਕਮ ਤੇ ਕੀਤਾ। ਉਸ ਨੇ ਲਾਰੈਂਸ ਨੂੰ ਲਾਲ ਸਿੰਘ ਦਾ ਜਦ ਲਿਖਤੀ ਹੁਕਮ ਦਿਖਾਇਆ ਤਾਂ ਲਾਰੰਸ ਨੇ ਲਾਲ ਸਿੰਘ ਨੂੰ ਵਜ਼ੀਰ ਦੇ ਅਹੁਦੇ ਤੋਂ ਹਟਾ ਕੇ ਪੰਜਾਬ ਤੋਂ ਬਾਹਰ ਕੱਢ ਦਿੱਤਾ। ਗਵਰਨਰ ਦੀ ਇਸ ਬਗ਼ਾਵਤ ਨੇ ਹਾਰਡਿੰਗ ਦੇ ਕੰਨ ਖੜੇ ਕਰ ਦਿੱਤੇ। ਉਸ ਨੂੰ ਲੱਗਿਆ ਕਿ ਜੇ ਇਸ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਉਹਨਾਂ ਨੇ ਪਹਿਲੇ ਸਿੱਖ ਯੁੱਧ ਵਿੱਚ ਜੋ ਕੁਝ ਹਾਸਿਲ ਕੀਤਾ ਉਹ ਗੁਆ ਬੈਠਣਗੇ। ਉਸ ਨੇ ਭੈਰੋਵਾਲ ਵਿੱਚ 52 ਸਿੱਖ ਸਰਦਾਰਾਂ ਦੀ ਇੱਕ ਬੈਠਕ ਬੁਲਾਈ ਤੇ ਕਿਹਾ ਕਿ ਅੰਗਰੇਜ਼ ਪੰਜਾਬ ਨੂੰ ਛੱਡਣਾ ਚਾਹੁੰਦੇ ਹਨ ਤੁਸੀਂ ਆਪਣਾ ਰਾਜ ਆਪ ਸੰਭਾਲੋ। ਜਾਂ ਫਿਰ ਸਾਨੂੰ ਇੱਕ ਬ੍ਰਿਟਿਸ਼ ਪ੍ਰੋਟੈਕ-ਟੋਰੇਟ ਸਥਾਪਿਤ ਕਰਨ ਲਈ ਮਨਜ਼ੂਰੀ ਦਿੱਤੀ ਜਾਵੇ ਜੋ ਉਦੋਂ ਤੱਕ ਕੰਮ ਕਰੇਗਾ ਜਦੋਂ ਤੱਕ ਮਹਾਰਾਜਾ ਦਲੀਪ ਸਿੰਘ ਬਾਲਗ ਨਹੀਂ ਹੋ ਜਾਂਦਾ। ਰੀਜੰਸੀ ਵਿੱਚ ਸ਼ਾਮਿਲ ਸਿੱਖ ਸਰਦਾਰ ਜਾਣਦੇ ਸੀ ਕਿ ਖ਼ਾਲਸਾ ਫੌਜ ਨੇ ਉਹਨਾਂ ਨੂੰ ਬਖਸ਼ਣਾ ਨਹੀਂ ਇਸ ਲਈ ਉਹਨਾਂ ਨੇ ਬ੍ਰਿਟਿਸ਼ ਪ੍ਰੋਟਰੈਕਟਰ ਨੂੰ ਸਥਾਪਿਤ ਕਰਨਾ ਮੰਨ ਲਿਆ। ਇਸ ਤਰ੍ਹਾਂ 18 ਸਤੰਬਰ 1846 ਨੂੰ ਭੈਰੋਵਾਲ ਦੀ ਸੰਧੀ ਹੋਈ ਜਿਸ ਵਿੱਚ ਇੱਕ ਕੌਂਸਲਰ ਏਜੰਸੀ ਦੇ ਅੱਠ ਮੈਂਬਰ ਜਿਨਾਂ ਵਿੱਚ ਤੇਜਾ

ਸਿੰਘ, ਰਣਜੋਧ ਸਿੰਘ ਮਜੀਠੀਆ, ਸ਼ੇਰ ਸਿੰਘ ਅਟਾਰੀ, ਦੀਵਾਨ ਦੀਨਾ ਨਾਥ, ਫ਼ਕੀਰ ਨੀਰੂੱਦੀਨ , ਅਤਰ ਸਿੰਘ, ਸ਼ਮਸ਼ੇਰ ਸਿੰਘ ਅਤੇ ਭਾਈ ਨਿਧਾਨ ਸਿੰਘ ਸ਼ਾਮਿਲ ਹੋਏ। ਅੰਗਰੇਜ਼ ਫੌਜ ਦੁਆਰਾ ਸਿੱਖ ਕਿਲ੍ਹਿਆਂ ਦੀ ਰਾਖੀ ਕੀਤੀ ਜਾਵੇਗੀ ਤੇ ਇਸ ਬਦਲੇ ਉਹਨਾਂ ਨੂੰ 20 ਲੱਖ ਰੁਪਏ ਸਲਾਨਾ ਰਕਮ ਦਿੱਤੀ ਜਾਇਆ ਕਰੇਗੀ। ਇਸ ਤਰ੍ਹਾਂ ਬ੍ਰਿਟਿਸ਼ ਰੈਜੀਡੈਂਟ ਦਾ ਲਾਹੌਰ ਤੇ ਇੱਕ ਤਰ੍ਹਾਂ ਨਾਲ਼ ਰਾਜ ਕਾਇਮ ਹੋ ਗਿਆ। ਲਾਰੰਸ ਦੇ ਭਰਾ ਜੌਹਨ ਤੇ ਜਾਰਜ ਤੇ ਜੌਹਨ ਨਿਕਲਸਨ, ਮੇਜਰ ਐਬੱਟ, ਹੈਰੀ ਲੰਸਡਨ, ਜੌਹਨ ਬੀਚਰ, ਰੇਨਲ ਟੇਲਰ ਤੇ ਹਰਬਰਟ ਐਡਵਰਡਸ਼ ਦੀ ਇੱਕ ਟੀਮ ਜਿਸ ਨੂੰ ਪੂਰੀ ਆਜ਼ਾਦੀ ਦਿੱਤੀ ਗਈ ਨੇ ਲਾਹੌਰ ਦਰਬਾਰ ਦਾ ਕਾਰਜ ਭਾਗ ਸੰਭਾਲ਼ ਲਿਆ। ਅੰਗਰੇਜ਼ਾਂ ਨੇ ਜਲੰਧਰ ਦੇ ਫ਼ਿਰੋਜ਼ਪੁਰ ਵਿੱਚ ਵੀ ਆਪਣੀ ਫੌਜ ਖੜੀ ਕਰ ਦਿੱਤੀ। ਉਸ ਨੇ ਪੰਜਾਬ ਵਿੱਚ ਇਹ ਸੋਚ ਕੇ ਕਿ ਅਮਨ ਸ਼ਾਂਤੀ ਰਹੇਗੀ ਆਪਣੀ ਫੌਜ ਦੀ ਗਿਣਤੀ ਘਟਾ ਕੇ 50000 ਕਰ ਦਿੱਤੀ। ਭਾਰਤੀ ਫੌਜ ਵਿੱਚ ਸਿੱਖ ਰੈਜੀਮੈਂਟਾਂ ਬਣਾਉਣ ਦਾ ਫੈਸਲਾ ਕੀਤਾ। ਲੁਧਿਆਣੇ ਤੇ ਫ਼ਿਰੋਜ਼ਪੁਰ ਵਿੱਚ ਦੋ ਸਿੱਖ ਰਜਮੈਂਟਾਂ ਬਣਾਈਆਂ। ਪੰਜਾਬ ਵਿੱਚ ਡੇਢ ਸਾਲ ਰਹਿਣ ਤੋਂ ਬਾਅਦ ਜਨਰਲ ਲਾਰੰਸ 1847 ਦੇ ਅੰਤ ਤੇ ਗਵਰਨਰ ਜਨਰਲ ਹੈਨਰੀ ਹਾਰਡਿੰਗ ਨਾਲ਼ ਵਲੈਤ ਵਾਪਸ ਚਲਾ ਗਿਆ ਤੇ ਉਸ ਦੀ ਥਾਂ ਤੇ ਫ੍ਰੈਡਰਿਕ ਕਰੀ ਆ ਗਿਆ।

ਮੁਲਤਾਨ ਖ਼ਾਲਸਾ ਰਾਜ ਦਾ ਇੱਕ ਮਹੱਤਵਪੂਰਨ ਵਪਾਰ ਦਾ ਕੇਂਦਰ ਸੀ। ਇਹ ਇੱਕ ਅਫ਼ਗ਼ਾਨ ਸਲਤਨਤ ਦੀ ਚੌਂਕੀ ਸੀ ਜਿੱਥੋਂ ਵਪਾਰੀ ਲੰਘਦੇ ਸੀ ਤੇ ਮਹਾਰਾਜਾ ਰਣਜੀਤ ਸਿੰਘ ਨੇ 1819 ਵਿੱਚ ਇਸ ਨੂੰ ਜਿੱਤਿਆ ਸੀ। ਹਿੰਦੂ ਵਪਾਰੀਆਂ ਦੇ ਇਸ ਸ਼ਹਿਰ ਦਾ ਗਵਰਨਰ ਮੂਲਰਾਜ ਸੀ ਜੋ ਕਿ ਲਾਹੌਰ ਦਰਬਾਰ ਦਾ ਵਫਾਦਾਰ ਸੀ। 1847 ਦੇ ਅੰਤ ਤੇ ਲਾਰੰਸ ਨੇ ਉਸ ਤੋਂ ਖਜ਼ਾਨੇ ਦਾ ਹਿਸਾਬ ਮੰਗਿਆ ਤਾਂ ਉਸ ਨੇ ਅਸਤੀਫਾ ਦੇ ਦਿੱਤਾ। ਪਰ ਉਸ ਨੂੰ ਮਾਰਚ 1848 ਤੱਕ ਕੰਮ ਕਰਨ ਲਈ ਕਿਹਾ ਗਿਆ। ਲਾਰੰਸ ਨੇ ਇੱਕ ਸਿੱਖ ਸਰਦਾਰ ਕਾਹਨ ਸਿੰਘ ਨੂੰ ਗਵਰਨਰ ਬਣਾ ਕੇ ਉਸ ਨਾਲ ਦੋ ਅੰਗਰੇਜ਼ ਅਫਸਰ ਵੈਨ ਅਗਨਿਯੂ ਤੇ ਲੈਫਟੀਨੈਂਟ ਐਂਡਰਸਨ ਨੂੰ ਭੇਜ ਦਿੱਤਾ। ਜਦ ਉਹ 19 ਅਪ੍ਰੈਲ ਨੂੰ ਉਥੇ ਪਹੁੰਚਿਆ ਤਾਂ ਮੂਲਰਾਜ ਨੇ ਕਿਲੇ ਦੀਆਂ ਚਾਬੀਆਂ ਉਸ ਨੂੰ ਸੌਂਪ ਦਿੱਤੀਆਂ। ਐਂਡਰਸਨ ਨੇ ਕਿਲ੍ਹੇ ਵਿੱਚੋਂ ਮੂਲਰਾਜ ਦੇ ਸਿਪਾਹੀ ਹਟਾ ਕੇ ਆਪਣੇ ਗੋਰਖੇ ਫੌਜੀ ਲਗਾ ਦਿੱਤੇ। ਮੂਲਰਾਜ ਦੇ ਸਿਪਾਹੀਆਂ ਨੇ ਵੈਨ ਐਗਨਿਯੂ ਉੱਤੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਲਾਹੌਰ ਵਿੱਚ ਜਦ ਫ੍ਰੈਡਰਿਕ ਕਰੀ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਮੂਲਰਾਜ ਨੂੰ ਉਸ ਨੂੰ ਮਿਲਣ ਅਤੇ ਦੋਸ਼ੀ ਸੈਨਿਕਾਂ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਮੂਲਰਾਜ ਨੇ ਆਪਣੇ

ਸਾਥੀਆਂ ਦੀ ਯੁੱਧ ਕੌਂਸਲ ਬੁਲਾ ਲਈ ਜਿਨ੍ਹਾਂ ਨੇ ਮੂਲਰਾਜ ਨਾਲ਼ ਵਫ਼ਾਦਾਰੀ ਦੀ ਸਹੁੰ ਚੁੱਕੀ। ਗਵਰਨਰ ਕਾਹਨ ਸਿੰਘ ਨੂੰ ਇਹ ਗੱਲ ਸਮਝ ਆ ਗਈ ਕਿ ਇੱਥੇ ਬਗ਼ਾਵਤ ਹੋ ਚੁੱਕੀ ਹੈ ਅਤੇ ਉਹ ਇਕੱਲੇ ਹਨ। ਕਾਹਨ ਸਿੰਘ ਦੀ ਸਿੱਖ ਕੈਵਲਰੀ ਦਾ ਕਮਾਂਡਰ ਵੀ ਮੂਲਰਾਜ ਨਾਲ਼ ਮਿਲ਼ ਗਿਆ। ਸ਼ਾਮ ਤੱਕ ਇੱਕ ਆਰਟਿਲਟਰੀ ਨੂੰ ਛੱਡ ਕੇ ਸਭ ਮੂਲਰਾਜ ਨਾਲ਼ ਰਲ਼ ਗਏ। ਵੈਨ ਅਗਨਿਊ ਇੱਕ ਵਾਰ ਫਿਰ ਮੂਲਰਾਜ ਨੂੰ ਸੁਲਹਾ ਦਾ ਸੰਦੇਸ਼ ਭੇਜਿਆ ਪਰ ਉਸ ਵੇਲ਼ੇ ਤੱਕ ਇੱਕ ਭਾਰੀ ਗਿਣਤੀ ਵਿੱਚ ਜਨੂੰਨੀ ਭੀੜ ਨੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਵੈਨ ਐਗਨਿਊ ਤੇ ਐਂਡਰਸਨ ਮਾਰੇ ਗਏ। ਕਾਹਨ ਸਿੰਘ ਤੇ ਉਸਦਾ ਪੁੱਤਰ ਕੈਦੀ ਬਣਾ ਲਏ ਗਏ ਜੋ ਬਾਅਦ ਵਿੱਚ ਕੈਦ ਵਿੱਚ ਹੀ ਭੁੱਖੇ ਤਿਹਾਏ ਮਰ ਗਏ। ਕਾਹਨ ਸਿੰਘ ਦੇ 3000 ਫੌਜੀ ਮੂਲਰਾਜ ਨਾਲ਼ ਮਿਲ ਗਏ ਜਿਹਨਾਂ ਵਿੱਚ ਗੋਰਖੇ ਵੀ ਸ਼ਾਮਿਲ ਸੀ। ਮੂਲ ਚੰਦ ਨੇ ਮੁਲਤਾਨ ਦੇ ਪਿੰਡਾਂ ਵਿੱਚ ਅੰਗਰੇਜ਼ਾਂ ਦੇ ਖ਼ਿਲਾਫ਼ ਬਗਾਵਤ ਲਈ ਲੋਕਾਂ ਨੂੰ ਉਕਸਾਇਆ ਕਿ ਅੰਗਰੇਜ਼ਾਂ ਨੇ ਮਹਾਰਾਜੇ ਨੂੰ ਕੈਦ ਕੀਤਾ ਹੋਇਆ ਹੈ ਉਸ ਨੂੰ ਛਡਾਉਣ ਦੇ ਲਈ ਅੰਗਰੇਜ਼ਾਂ ਨੂੰ ਭਜਾਉਣਾ ਬੜਾ ਜ਼ਰੂਰੀ ਹੈ।

ਫਰੈਡਰਿਕ ਕਰੀ ਨੇ ਜਨਰਲ ਵਿਸ਼ ਨੂੰ ਫੌਜ ਸਮੇਤ ਮੁਲਤਾਨ ਜਾਣ ਲਈ ਕਿਹਾ। ਜਨਰਲ ਵੈਨ ਕੋਰਟ ਲੈਂਡ ਵੀ ਡੇਰਾ ਇਸਮਾਈਲ ਖ਼ਾਨ ਤੋਂ ਆਪਣੀਆਂ ਦੋ ਮੁਸਲਮਾਨ ਪਲਟਣਾ ਕੈਵਲਰੀ ਰਜਮੈਂਟ ਤੇ ਹੋਰ ਆਰਟਿਲਰੀ ਲੈ ਕੇ ਮੁਲਤਾਨ ਵੱਲ ਚੱਲ ਪਿਆ।

ਲੈਫਟੀਨੈਂਟ ਹਰਬਰਟ ਐਡਵਰਡ ਨੇ ਦੋ ਤੋਪਾਂ 50 ਜੰਬੂਰਕਾਂ 350 ਘੋੜ ਸਵਾਰਾਂ ਤੇ ਪੈਦਲ ਫੌਜ ਦੀਆਂ 12 ਕੰਪਨੀਆਂ ਅਤੇ ਲੈਫਟੀਨੈਂਟ ਰੇਨਲ ਟੇਲਰ ਦੀ ਫੌਜ ਲੈ ਕੇ ਦਰਿਆ ਪਾਰ ਕਰਨਾ ਸ਼ੁਰੂ ਕਰ ਦਿੱਤਾ। ਜਿਉਂ ਹੀ ਫੌਜ ਦਰਿਆ ਪਾਰ ਕੀਤੀ ਤਾਂ ਮੂਲਰਾਜ ਦੀ 3000 ਦੀ ਫੌਜ ਮੈਦਾਨ ਛੱਡ ਕੇ ਭੱਜ ਗਈ। 29 ਅਪ੍ਰੈਲ ਨੂੰ ਮੂਲਰਾਜ ਦਾ ਭਰਾ ਰੰਗ ਰਾਮ 4000 ਫੌਜੀ ਲੈ ਕੇ ਐਡਵਰਡ ਦਾ ਟਾਕਰਾ ਕਰਨ ਲਈ ਤੁਰ ਪਿਆ। 30 ਅਪ੍ਰੈਲ ਤੱਕ ਐਡਵਰਡ ਕੋਲ ਸੁਰਭਾਨ ਖਾਨ ਦੀ 1200 ਮੁਸਲਮਾਨਾਂ ਦੀ ਫੌਜ ਛੇ ਹੋਰਸ ਆਰਟਿਲਰੀ ਤੇ 6 ਪਾਉਂਡਰ ਤੋਪਾਂ ਵੀ ਆ ਗਈਆਂ। ਮੂਲਰਾਜ ਅੰਗਰੇਜ਼ਾਂ ਦੀ ਜੰਗੀ ਤਿਆਰੀ ਦੇਖ ਕੇ ਘਬਰਾ ਗਿਆ। ਮੂਲਰਾਜ ਦਾ ਗਵਰਨਰ ਵੀ ਭੱਜ ਗਿਆ। ਅੰਗਰੇਜ਼ਾਂ ਅਧੀਨ ਲਾਹੌਰ ਦਰਬਾਰ ਦੀਆਂ ਸਿੱਖ ਸਫਾਂ ਵੀ ਸ਼ੇਰ ਸਿੰਘ ਅਟਾਰੀ, ਅਤਰ ਸਿੰਘ, ਸ਼ਮਸ਼ੇਰ ਸਿੰਘ ਜਵਾਹਰ ਮਲ, ਸ਼ੇਖ ਇਮਾਮੁਦੀਨ ਅਤੇ ਨਵਾਬ ਭਾਵਲ ਖ਼ਾਨ ਦੀ ਕਮਾਂਡ ਹੇਠ ਮੁਲਤਾਨ ਵੱਲ ਚੱਲ ਪਈਆਂ। ਰਸਤੇ ਵਿੱਚ ਸਿੰਘੂਰ ਤੇ ਮੰਗਰੋਟਾ ਕਿਲ੍ਹੇ ਤੇ ਮੂਲਰਾਜ ਦਾ ਜ਼ੋਰ ਸੀ।

ਪਰ ਐਡਵਾਰਡ ਨੇ ਉਸ ਤੇ ਆਸਾਨੀ ਨਾਲ਼ ਕਬਜ਼ਾ ਕਰ ਲਿਆ। ਜੂਨ ਦੇ ਪਹਿਲੇ ਹਫ਼ਤੇ ਫੌਜਾਂ ਨੇ ਸਤਲੁਜ ਪਾਰ ਕਰ ਲਿਆ ਅਤੇ ਚਨਾਬ ਤੋਂ 40 ਮੀਲ ਦੂਰ ਕਿਨੇਰੀ ਪਹੁੰਚ ਗਈਆਂ। ਉਸ ਸਮੇਂ ਮੂਲਰਾਜ ਕਿਨੇਰੀ ਜੋ ਕਿ ਮੁਲਤਾਨ ਤੋਂ 50 ਮੀਲ ਤੇ ਹੈ ਵਿਖੇ ਮੌਜੂਦ ਸੀ। ਰੰਗ ਰਾਮ ਵੀ ਪਿੰਡ ਬੁਕਰੀ ਵਿੱਚ 8000 ਫੌਜੀ ਤੇ 10 ਤੋਪਾਂ ਲੈ ਕੇ ਮੋਰਚੇ ਤੇ ਡੱਟ ਗਿਆ। ਐਡਵਰਡ ਦੀ ਫੌਜ ਵਿਚਲੇ ਪਠਾਣਾ ਨੇ ਰੰਗ-ਰਾਮ ਉੱਤੇ ਚੜ੍ਹਾਈ ਕਰ ਦਿੱਤੀ। ਹੋਰਸ ਆਰਟਿਲਰੀ ਅੱਗੇ ਵੱਧਦੀ ਗਈ ਮੁਲਤਾਨੀ ਬੁਰੀ ਤਰ੍ਹਾਂ ਹਾਰ ਗਏ ਅਤੇ ਰੰਗਰਾਮ ਭੱਜ ਗਿਆ। ਕਿਨੇਰੀ ਦੀ ਲੜਾਈ 18 ਜੂਨ, 1848 ਸ਼ਾਮ ਦੇ 4:30 ਵਜੇ ਖ਼ਤਮ ਹੋ ਗਈ। ਮੁਲਤਾਨੀਆਂ ਦੀਆਂ 10 ਤੋਪਾਂ ਤੇ ਕਬਜ਼ਾ ਕੀਤਾ ਗਿਆ ਅਤੇ 500 ਤੋਂ ਜ਼ਿਆਦਾ ਬੰਦੇ ਮਾਰੇ ਗਏ। ਐਡਵਰਡ ਦੇ 58 ਬੰਦੇ ਮਰੇ ਤੇ 89 ਜ਼ਖਮੀ ਹੋ ਗਏ। ਐਡਵਰਡ ਨੇ ਕੁਝ ਦਿਨ ਆਰਾਮ ਕੀਤਾ। 26 ਜੂਨ ਨੂੰ ਐਡਵਰਡ ਮੁਲਤਾਨ ਵੱਲ ਚੱਲ ਪਿਆ। ਉਸ ਨੇ ਸੁਜਾਅਬਾਦ ਤੋਂ 10 ਮੀਲ ਪਰੇ ਸਿਕੰਦਾਬਾਦ ਦਾ ਕਿਲ੍ਹਾ ਫ਼ਤਿਹ ਕੀਤਾ ਅਤੇ ਮੁਲਤਾਨ ਵੱਲ ਨਿਕਲ ਗਿਆ। 30 ਜੂਨ ਨੂੰ ਕਸ਼ਮੀਰ ਦਾ ਸਾਬਕਾ ਗਵਰਨਰ ਸ਼ੇਖ ਇਮਾਮੁਦੀਨ ਆਪਣੇ ਸਿੱਖ ਸਫ਼ੇ ਨਾਲ਼ ਮੂਲਰਾਜ ਨੂੰ ਆ ਮਿਲ਼ਿਆ। ਐਡਵਰਡ ਦਾ ਹੁਕਮ ਮਿਲਣ ਤੇ ਲੈਫਟੀਨੈਂਟ ਲੇਕ, ਜਨਰਲ ਵੈਨ ਕੋਰਟਲੈਂਡ ਤੇ ਐਡਵਰਡ ਨੇ ਇੱਕ ਸਾਰ ਧਾਵਾ ਬੋਲਿਆ। ਇਸ ਲੜਾਈ ਵਿੱਚ ਮੂਲਰਾਜ ਜ਼ਖ਼ਮੀ ਹੋ ਕੇ ਹਾਥੀ ਤੋਂ ਡਿੱਗ ਪਿਆ ਤੇ ਘੋੜੇ ਤੇ ਚੜ੍ਹ ਕੇ ਕਿਲ੍ਹੇ ਵਿੱਚ ਜਾ ਛੁਪਿਆ। ਇਸ ਝੜਪ ਵਿੱਚ ਐਡਵਰਡ ਦੇ 281 ਬੰਦੇ ਮਰੇ ਤੇ ਜ਼ਖ਼ਮੀ ਹੋਏ। ਮੂਲਰਾਜ ਨੂੰ ਕਿਲੇ ਵਿੱਚ ਬੰਦ ਕਰ ਲਿਆ ਗਿਆ।

ਪਹਿਲਾ ਘੇਰਾ - ਜਦ ਲਾਹੌਰ ਵਿੱਚ ਕਰੀ ਨੂੰ 10 ਜੁਲਾਈ ਨੂੰ ਕਿਨੇਰੀ ਤੇ ਜਿੱਤ ਦੀ ਖ਼ਬਰ ਪਹੁੰਚੀ ਤਾਂ ਉਸ ਨੇ ਮੁਲਤਾਨ ਤੇ ਹਮਲਾ ਕਰਨ ਦਾ ਮਨ ਬਣਾ ਲਿਆ। ਜਨਰਲ ਵਿਸ਼ ਨੇ ਅੰਗਰੇਜ਼ਾਂ ਦੀ ਇੱਕ ਡਿਵੀਜ਼ਨ ਜਿੰਨੀ ਫੌਜ ਇਕੱਠੀ ਕੀਤੀ ਜਿਸ ਵਿੱਚ ਬਰਗੇਡੀਅਰ ਹਰਵੇ ਹੇਠ ਪਹਿਲੀ ਇਨਫੈਂਟਰੀ ਬ੍ਰਿਗੇਡ, ਜਿਸ ਵਿੱਚ ਸ਼ਾਹੀ 10ਵੀਂ, 8ਵੀਂ ਤੇ 52ਵੀਂ ਨੇਟਿਵ ਇਨਫੈਂਟਰੀ ਬਟਾਲੀਅਨ ਬ੍ਰਿਗੇਡੀਅਰ ਮਾਰਖਮ ਹੇਠ ਦੂਜੀ ਇਨਫੈਂਟਰੀ ਬ੍ਰਿਗੇਡ ਜਿਸ ਵਿੱਚ ਸ਼ਾਹੀ 32ਵੀ, 49ਵੀਂ, 52ਵੀਂ ਤੇ 72ਵੀਂ ਨੇਟਿਵ ਇਨਫੈਂਟਰੀ ਬਟਾਲੀਅਨਾਂ, ਪਹਿਲੀ ਕੈਵਲਰੀ ਬ੍ਰਿਗੇਡ 7ਵੀਂ ਤੇ 11ਵੀਂ ਇਰੇਗੁਲਰ ਕੈਵਲਰੀ ਰੈਜੀਮੈਂਟ ਫੁਟ ਅਲਟਿਲਰੀ ਦੀਆਂ ਚਾਰ ਕੰਪਨੀਆਂ, ਬੰਗਾਲ ਸੈਪ੍ਰਸ ਤੇ ਤਿੰਨ ਪਾਇਨੀਅਰ ਕੰਪਨੀਆਂ ਮੁਲਤਾਨ ਵੱਲ ਜੁਲਾਈ ਦੇ ਅੰਤ

jagtar SIngh Sokhi_Layout 1 22-Dec-24 6:06 PM Page 40

ਵਿੱਚ ਰਵਾਨਾ ਹੋ ਗਈਆਂ। 24 ×18 ਪਾਉਂਡਰ, 10×8 ਪਾਉਂਡਰ ਤੋਪਾਂ,10 ਮਾਰਟਰ ਵੀ 4 ਸਤੰਬਰ ਤੱਕ ਫ਼ਿਰੋਜ਼ਪੁਰ ਤੋਂ ਪਹੁੰਚ ਗਏ। 7 ਸਤੰਬਰ ਨੂੰ ਕਿਲ੍ਹੇ ਦੇ ਦੁਆਲੇ ਖਾਈ ਦੀ ਖ਼ੁਦਾਈ ਸ਼ੁਰੂ ਕਰ ਦਿੱਤੀ ਗਈ । ਇਹ ਕਿਲ੍ਹਾ ਉੱਚੀ ਥਾਂ ਤੇ ਉੱਚੀਆਂ ਦੀਵਾਰਾਂ ਨਾਲ਼ ਘਿਰਿਆ ਹੋਇਆ ਸੀ ਜੋ ਕਿ ਇੱਕ ਛੋਟੀ ਪਹਾੜੀ ਤੇ ਛੇ ਭੁਜਾ ਸ਼ਕਲ ਦਾ ਬਣਿਆ ਹੋਇਆ ਸੀ। ਇਸ ਦੀਆਂ ਦੀਵਾਰਾਂ 70 ਫੁੱਟ ਉੱਚੀਆਂ ਤੇ 45 ਫੁੱਟ ਚੌੜੀਆਂ ਅਤੇ 25 ਫੁੱਟ ਡੂੰਘੀਆਂ ਖਾਈਆਂ ਵਾਲ਼ੀਆਂ ਸਨ। ਕਿਲੇ ਦੀਵਾਰਾਂ ਤੋਂ 30 ਮਜ਼ਬੂਤ ਮੁਨਾਰੇ ਉੱਠਦੇ ਸਨ ਜਿਨਾਂ ਵਿੱਚੋਂ 80 ਤੋਪਾਂ ਝਾਕਦੀਆਂ ਸਨ। 12 ਸਤੰਬਰ ਨੂੰ ਇਸ ਤੇ ਇੱਕ ਹਮਲਾ ਕੀਤਾ ਗਿਆ। ਸਾਰਾ ਦਿਨ ਲੜਾਈ ਚੱਲੀ। ਕਿਲੇ ਦੀਆਂ ਦੀਵਾਰਾਂ ਤੋੜੀਆਂ ਗਈਆਂ। ਵਿਸ਼ ਦੇ 5 ਅੰਗਰੇਜ਼ ਤੇ 5 ਹਿੰਦੁਸਤਾਨੀ ਅਫ਼ਸਰ ਤੇ 32 ਜਵਾਨ ਮਰੇ। 12 ਅੰਗਰੇਜ਼ ਇੱਕ ਹਿੰਦੁਸਤਾਨੀ ਅਫ਼ਸਰ ਤੇ 203 ਜਵਾਨ ਜ਼ਖ਼ਮੀ ਹੋਏ ਪਰ ਉਸੇ ਵੇਲੇ ਹੀ ਇਹ ਖ਼ਬਰ ਮਿਲੀ ਕਿ ਰਾਜਾ ਸ਼ੇਰ ਸਿੰਘ ਮੂਲਰਾਜ ਨਾਲ਼ ਮਿਲ਼ ਗਿਆ ਹੈ। ਮੁਲਤਾਨ ਦੀ ਇਹ ਪਹਿਲੀ ਕਿਲੇ ਉੱਤੇ ਘੇਰਾ ਪਾਉਣ ਦੀ ਕੋਸ਼ਸ਼ ਬਿਨਾਂ ਹਾਰ ਜਿੱਤ ਦੇ ਫੈਸਲੇ ਤੋਂ ਖਤਮ ਹੋ ਗਈ।

**ਦੂਜਾ ਘੇਰਾ** - ਬੰਬਈ ਤੋਂ ਅੰਗਰੇਜ਼ਾਂ ਦੀ ਮਦਦ ਲਈ ਹੋਰ ਫੌਜ ਜਿਸ ਵਿੱਚ ਤਿੰਨ ਦੇਸੀ ਰਸਾਲੇ, ਦੋ ਬ੍ਰਿਟਿਸ਼ ਇਨਫੈਂਟਰੀ ਰੈਜਮੈਂਟਾਂ, ਚਾਰ ਦੇਸੀ ਇਨਫੈਂਟਰੀ ਰੈਜੀਮੈਂਟਾਂ 670ਘੇਰਾ ਤੋਪਾਂ ਦੇ 30 ਫੀਲਡ ਗੰਨਾ ਸਨ ਵੀ ਆ ਪੁੱਜੀਆਂ। ਜਨਰਲ ਵਿੱਸ਼ ਨੇ ਮੁਲਤਾਨ ਦੇ ਕਿਲ੍ਹੇ ਤੇ ਆਖਰੀ ਹਮਲਾ ਕਰਨ ਦੀ ਯੋਜਨਾ ਬਣਾਈ। ਉਸ ਨੇ ਆਪਣੀ ਫੌਜ ਨੂੰ ਦਿੱਲੀ ਗੇਟ ਦੇ ਸਾਹਮਣੇ ਖੜਾ ਕੀਤਾ। ਬੁੰਬਈ ਵਾਲ਼ੀ ਫੌਜ ਨੂੰ ਸੈਂਟਰ ਵਿੱਚ ਵਲੀ ਮੁਹੰਮਦ ਨਹਿਰ ਤੱਕ। ਐਡਵਰਡ ਤੇ ਦਾਊਦ ਪੁੱਤਰ ਖੱਬੇ ਪਾਸੇ ਲਾਏ। ਉਸ ਨੇ 1000-1000 ਸੈਨਿਕਾਂ ਦੇ ਚਾਰ ਸਫ਼ੇ ਲਗਾ ਕੇ ਹਮਲਾ ਕੀਤਾ। ਤਕਰੀਬਨ ਪੰਜ ਘੰਟਿਆਂ ਦੀ ਪਰਚੰਡ ਲੜਾਈ ਜਿਸ ਵਿੱਚ 200 ਬੰਦੇ ਮਾਰੇ ਗਏ ਤੇ ਜ਼ਖ਼ਮੀ ਹੋਏ ਉਹ ਕਿਲੇ ਦੇ 500 ਗਾਏ ਦੂਰੀ ਤੇ ਆ ਗਿਆ । ਸਵੇਰ ਹੁੰਦਿਆਂ ਹੀ ਉਸ ਨੇ ਵੇਟਜ਼ਰ ਤੇ ਮਾਰਟਰਾਂ ਦੀ ਗੋਲਾਬਾਰੀ ਸ਼ੁਰੂ ਕੀਤੀ। ਤੋਪਾਂ ਵੀ ਕਿਲ੍ਹੇ ਦੇ ਹੋਰ ਨੇੜੇ ਆ ਗਈਆਂ ਦੀਵਾਰਾਂ ਵਿੱਚ ਮੋਰੀਆਂ ਨਜ਼ਰ ਆਉਣ ਲੱਗ ਪਈਆਂ। ਬੰਗਾਲ ਆਰਟੀਲਰੀ ਦੇ ਲੈਫਟੀਨੈਂਟ ਨੇਵਲ ਦਾ ਇੱਕ ਮਾਰਟਰ ਬੰਬ ਮੂਲਰਾਜ ਦੇ ਮੇਨ ਮੈਗਜ਼ੀਨ ਵਿੱਚ ਵੱਜਿਆ, ਜਿੱਥੇ 800000 ਪੌਂਡ ਬਰੂਦ ਪਿਆ ਸੀ ਜਿਸ ਵਿੱਚ ਵਿਸਫੋਟ ਹੋਣ ਨਾਲ਼ 800 ਬੰਦੇ ਮਰ ਗਏ ਤੇ ਹਜ਼ਾਰਾਂ ਜ਼ਖ਼ਮੀ ਹੋ ਗਏ। 31 ਦਸੰਬਰ ਤੱਕ ਅੰਗਰੇਜ਼ ਫੌਜਾਂ ਨੇ ਪੂਰੇ ਜ਼ੋਰ ਸ਼ੋਰ ਨਾਲ਼

ਮੁਲਤਾਨ ਤੇ ਹਮਲਾ ਜਾਰੀ ਰੱਖਿਆ। ਕਿਲੇ ਦੀਆਂ ਕੰਧਾਂ ਵਿੱਚ ਛੋਟੀਆਂ ਮੋਟੀਆਂ ਤਰੇੜਾਂ ਆ ਚੁੱਕੀਆਂ ਸਨ। ਵਿਸ਼ ਦੇ ਤਿੰਨ ਅਫਸਰ ਤੇ 27 ਜਵਾਨ ਮਾਰੇ ਜਾ ਚੁੱਕੇ ਸਨ। ਅੰਗਰੇਜ਼ ਫੌਜਾਂ ਨੇ ਫਿਰ ਖ਼ੂਨੀ ਜ਼ੋਰਦਾਰ ਹਮਲਾ ਸ਼ੁਰੂ ਕੀਤਾ ਇਹ ਹਮਲੇ ਵਿੱਚ ਕੈਪਟਨ ਲੀਥ ਦੇ ਮੋਢੇ ਵਿੱਚ ਗੋਲੀ ਲੱਗੀ ਅਤੇ ਉਸਦਾ ਇੱਕ ਹੱਥ ਵੀ ਤਲਵਾਰ ਨਾਲ ਕੱਟਿਆ ਗਿਆ। ਕੈਪਟਨ ਸਮਿਥ ਦੀ ਪਲਟਨ ਸ਼ਹਿਰ ਅੰਦਰ ਚਾਰੋਂ ਤਰਫ਼ ਫੈਲ ਗਈ। ਸ਼ਾਮ ਤੱਕ ਸਾਰਾ ਸ਼ਹਿਰ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ। 3 ਜਨਵਰੀ ਤੱਕ ਅੰਗਰੇਜ਼ ਇਸ ਸ਼ਹਿਰ ਦੇ ਖ਼ਜ਼ਾਨੇ ਨੂੰ ਲੁੱਟਦੇ ਰਹੇ। ਉਹਨਾਂ ਨੇ ਜੰਗਲੀ ਜਾਨਵਰਾਂ ਦੀ ਤਰ੍ਹਾਂ ਇਸ ਸ਼ਹਿਰ ਨੂੰ ਲੁੱਟਿਆ ਤੇ ਜਲਾ ਦਿੱਤਾ। ਜਨਰਲ ਵਿਸ਼ ਨੇ 24 ਘੰਟਿਆਂ ਤੱਕ ਆਪਣੇ ਬੰਦਿਆਂ ਉੱਤੇ ਕੰਟਰੋਲ ਨਾ ਕੀਤਾ। ਇਸ ਜੰਗ ਵਿੱਚ ਅੰਗਰੇਜ਼ਾਂ ਦੇ 400 ਬੰਦੇ ਮਰੇ ਜਾਂ ਜ਼ਖ਼ਮੀ ਹੋਏ। ਹਜ਼ਾਰਾਂ ਮੁਲਤਾਨੀ ਸ਼ਹਿਰ ਛੱਡ ਕੇ ਭੱਜ ਗਏ। ਸ਼ਾਇਦ ਹੀ ਕੋਈ ਘਰ ਜਾਂ ਦੀਵਾਰ ਨਾ ਹੋਵੇ ਜਿੱਥੇ ਅੰਗਰੇਜ਼ਾਂ ਦੀਆਂ ਗੋਲ਼ੀਆਂ ਨਾ ਲੱਗੀਆਂ ਹੋਣ। ਚਾਰ ਜਨਵਰੀ ਨੂੰ ਕਿਲੇ ਨੂੰ ਪੂਰੀ ਤਰ੍ਹਾਂ ਘੇਰ ਲਿਆ ਗਿਆ। ਮੂਲਰਾਜ ਦੇ ਗੰਨਰ ਅੱਗੋਂ ਗੋਲਾਬਾਰੀ ਕਰਦੇ ਰਹੇ। ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ। 9 ਜਨਵਰੀ ਨੂੰ ਸ਼ਾਹੀ 32ਵੀਂ ਪਲਟਨ ਨੇ ਕਿਲੇ ਤੋਂ 20 ਗਜ਼ ਦੂਰੀ ਦੀਆਂ ਖਾਈਆਂ ਉਤੇ ਕਬਜ਼ਾ ਕਰ ਲਿਆ। ਮੂਲ ਰਾਜ ਨੇ ਮੇਜਰ ਐਡਵਰਡ ਨੂੰ ਸਮਝੌਤੇ ਲਈ ਚਿੱਠੀ ਭੇਜੀ ਤਾਂ ਉਸ ਨੇ ਮੂਲ ਰਾਜ ਨੂੰ ਜਨਰਲ ਵਿਸ਼ ਦੇ ਸਾਹਮਣੇ ਗੋਡੇ ਟੇਕਣ ਲਈ ਕਿਹਾ। ਜਨਰਲ ਵਿਸ਼ ਨੇ ਮੂਲਰਾਜ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਲਈ ਕਿਹਾ। 19 ਜਨਵਰੀ ਨੂੰ ਮੂਲਰਾਜ ਨੂੰ ਆਤਮ ਸਮਰਪਣ ਲਈ ਫਿਰ ਕਿਹਾ ਗਿਆ। ਮੂਲਰਾਜ ਵੱਲੋਂ ਕੋਈ ਜਵਾਬ ਨਾ ਆਉਣ ਤੇ 22 ਜਨਵਰੀ ਨੂੰ ਸਵੇਰੇ 6 ਵਜੇ ਫਿਰ ਹਮਲਾ ਕਰਨ ਦਾ ਹੁਕਮ ਦਿੱਤਾ ਗਿਆ। ਉਸ ਵੇਲੇ 10000 ਸੈਨਿਕ ਹਮਲਾ ਕਰਨ ਲਈ ਤਿਆਰ ਸਨ ਤਾਂ ਇੱਕਦਮ ਦੌਲਤ ਗੇਟ ਖੁੱਲ੍ਹਿਆ। ਸਿੱਖ ਤੇ ਮੁਸਲਮਾਨ ਫੌਜੀ ਬਾਹਰ ਨਿਕਲੇ ਤਾਂ ਉਹਨਾਂ ਨੂੰ ਘੇਰੇ ਵਿੱਚ ਲੈ ਲਿਆ ਗਿਆ। ਮੂਲਰਾਜ ਖ਼ੁਦ ਇੱਕ ਚਿੱਟੇ ਘੋੜੇ ਤੇ ਆਇਆ ਤੇ ਸ਼ਾਹੀ 32ਵੀਂ ਗ੍ਰੇਨੇਡੀਅਰ ਕੰਪਨੀ ਉਸ ਨੂੰ ਜਨਰਲ ਦੇ ਤੰਬੂ ਵਿੱਚ ਲੈ ਗਈ। ਇਸ ਤਰ੍ਹਾਂ 27 ਦਿਨ ਲੰਬੇ ਘੇਰੇ ਦਾ ਅੰਤ ਹੋ ਗਿਆ। ਅੰਗਰੇਜ਼ਾਂ ਦੇ ਕੁੱਲ 210 ਬੰਦੇ ਮਰੇ ਤੇ 982 ਜ਼ਖ਼ਮੀ ਹੋਏ। ਤੋਪਾਂ ਨੇ 15,000 ਵੱਡੇ ਤੇ 20000 ਮਿਲ਼ੇ ਜੁਲੇ ਗੋਲ਼ੇ ਚਲਾਏ। ਅੰਗਰੇਜ਼ਾਂ ਨੂੰ ਮੂਲਰਾਜ ਨੇ 54 ਤੋਪਾਂ ਤੇ 4 ਮਾਰਟਰ ਦਿੱਤੇ। ਮੂਲਰਾਜ ਨੂੰ ਮੁਲਤਾਨ ਤੋਂ ਲਿਜਾਇਆ ਗਿਆ। ਅੰਗਰੇਜ਼ੀ ਕੋਰਟ ਨੇ ਉਸ ਨੂੰ ਦੋਸ਼ੀ ਕਰਾਰ ਦਿੰਦਿਆਂ ਫਾਂਸੀ ਦਾ ਹੁਕਮ ਦਿੱਤਾ ਪਰ ਰਹਿਮ ਦੀ

ਅਪੀਲ ਕਰਨ ਤੇ ਲਾਰਡ ਡਲਹੋਜੀ ਨੇ ਉਸ ਨੂੰ ਦੇਸ਼ ਨਿਕਾਲਾ ਦੇ ਕੇ ਸਮੁੰਦਰੋਂ ਪਾਰ ਪੇਨੰਗ ਭੇਜ ਦਿੱਤਾ। ਮੁਲਤਾਨ ਦੀ ਇਸ ਬਗ਼ਾਵਤ ਨੇ ਸਿੱਖ ਫੌਜੀਆਂ ਤੇ ਸਿੱਖ ਜਨਤਾ ਦੀਆਂ ਆਸਾਂ ਮਹਾਰਾਣੀ ਨਾਲ਼ ਜੋੜ ਦਿੱਤੀਆਂ। ਇੱਕ ਵਾਰ ਫਿਰ ਖਾਲਸਾ ਰਾਜ ਦੀ ਪਰਜਾ ਮਹਾਰਾਣੀ ਜਿੰਦਾਂ ਤੋਂ ਅਗਵਾਈ ਦੀ ਉਮੀਦ ਕਰਨ ਲੱਗੀ।

## ਦੂਜਾ ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ -1
## ਰਾਮ ਨਗਰ ਦੀ ਲੜਾਈ

ਅੰਗਰੇਜ਼ਾਂ ਵੱਲੋਂ ਦੂਜੇ ਅੰਗਰੇਜ਼-ਸਿੱਖ ਯੁੱਧ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਨਵੰਬਰ 1848 ਵਿੱਚ ਅੰਗਰੇਜ਼ਾਂ ਨੇ ਫਿਰੋਜ਼ਪੁਰ ਵਿੱਚ ਕਮਾਂਡਰ ਇਨ ਚੀਫ਼ ਹਿਊ ਗਫ਼ ਦੀ ਮੰਗ ਤੇ 24000 ਸੈਨਿਕਾਂ ਦੀ ਫੌਜ, 78 ਤੋਪਾਂ ਤੇ ਸਿੰਧ ਦੀ 5000 ਫੌਜ ਭੇਜੀ। ਲਾਰਡ ਗਫ਼ ਕੋਲ਼ ਉਸ ਵਕਤ ਤੱਕ ਲਾਹੌਰ ਵਿੱਚ ਸਿਰਫ 10000 ਸੈਨਿਕ ਤੇ 48 ਤੋਪਾਂ ਸਨ। ਗਫ਼ 6 ਨਵੰਬਰ ਨੂੰ ਫ਼ਿਰੋਜ਼ਪੁਰ ਪਹੁੰਚ ਗਿਆ ਅਤੇ 13 ਨਵੰਬਰ ਨੂੰ ਸਤਲੁਜ ਪਾਰ ਕਰਕੇ ਲਾਹੌਰ ਪਹੁੰਚ ਗਿਆ। ਫ਼ਿਰੋਜ਼ਪੁਰ ਵਿੱਚ ਹੀ ਉਸ ਨੂੰ ਪਤਾ ਲੱਗ ਗਿਆ ਸੀ ਕਿ ਸ਼ੇਰ ਸਿੰਘ ਰਾਮਨਗਰ ਵਿੱਚ ਹੈ ਪਰ ਉਸ ਨੇ ਜ਼ਿਆਦਾ ਫੌਜ ਚਨਾਬ ਦੇ ਉੱਤਰ ਵਿੱਚ ਰੱਖੀ ਹੋਈ ਹੈ। ਗਫ਼ ਨੇ ਚਨਾਬ ਦੇ ਦੱਖਣ ਰਾਮ ਨਗਰ ਵਿੱਚ ਖੜੇ ਸਿੱਖਾਂ ਨੂੰ ਜੰਗ ਲਈ ਉਕਸਾਇਆ ਤਾਂ ਕਿ ਉਹ ਇੱਥੇ ਇਹਨਾਂ ਨੂੰ ਹਰਾ ਸਕੇ ਤੇ ਉਧਰੋਂ ਸ਼ੇਰ ਸਿੰਘ ਚਨਾਬ ਪਾਰ ਕਰਕੇ ਪਿਛਲੇ ਦਸਤੇ ਤੇ ਹਮਲਾ ਕਰੇ। ਇਸ ਤਰ੍ਹਾਂ ਚਤਰ ਸਿੰਘ ਨੂੰ ਪਿਸ਼ਾਵਰ ਤੇ ਬਨੂੰ ਦੀਆਂ ਬ੍ਰਿਗੇਡਾਂ ਨਹੀਂ ਮਿਲਣਗੀਆਂ।

21 ਨਵੰਬਰ ਨੂੰ ਜਨਰਲ ਗਫ਼ ਰਾਮਨਗਰ ਤੋਂ ਦਸ ਮੀਲ ਦੂਰ ਇੱਕ ਛੋਟੇ ਜਿਹੇ ਪਿੰਡ ਨਵਾਲਾ ਵਿੱਚ ਕੈਂਪਬੈਲ ਤੇ ਕੁਰੇਟਨ ਕੋਲ਼ ਆ ਪੁੱਜਿਆ। ਉਸ ਦੀ ਸਾਰੀ ਫੌਜ ਚਨਾਬ ਦਰਿਆ ਦੇ ਕਿਨਾਰੇ ਤੇ ਆ ਚੁੱਕੀ ਸੀ ਸਿਰਫ 21 ਇੰਚ ਦੀਆਂ ਤੋਪਾਂ ਲਾਹੌਰ ਅਤੇ ਮੁਲਤਾਨ ਤੋਂ ਚਲੀਆਂ ਹੋਈਆਂ ਸਨ ਜੋ ਰਸਤੇ ਵਿੱਚ ਸਨ। ਸ਼ੇਰ ਸਿੰਘ ਨੇ ਰਾਮਨਗਰ ਦੇ ਸਾਹਮਣੇ ਚਨਾਬ ਦੇ ਦੂਜੇ ਪਾਸੇ ਮੋਰਚੇ ਲਾਏ ਹੋਏ ਸੀ। ਉਸਦਾ ਪਿਤਾ ਫੌਜ ਸਮੇਤ ਉਸ ਦੇ ਨੇੜੇ ਸੀ। ਗਫ਼ ਨੇ ਕੈਂਪਬਿਲ ਨੂੰ ਹੁਕਮ ਦਿੱਤਾ ਕਿ ਉਹ 21 ਨਵੰਬਰ ਦੀ ਰਾਤ ਨੂੰ ਸ਼ੇਰ ਸਿੰਘ ਤੇ ਹਮਲਾ ਕਰੇ ਅਤੇ ਦੱਖਣੀ ਕੰਢੇ ਤੇ ਕਬਜ਼ਾ ਕਰ ਲਵੇ। ਕੈਂਪਬੈਲ ਨੇ ਬਿਨਾਂ ਕਿਸੇ ਹੋਰ ਨੂੰ ਦੱਸਿਆ ਹਮਲੇ ਦੀ ਤਿਆਰੀ ਕਰ ਦਿੱਤੀ। ਗਫ਼ ਨੇ ਦੇਖਿਆ ਕਿ ਸ਼ੇਰ ਸਿੰਘ ਦੀ ਜ਼ਿਆਦਾ ਫੌਜ ਤਾਂ ਦਰਿਆ ਤੋਂ ਪਾਰ ਹੈ ਤੇ ਕੁਝ ਘੋੜਚੜੇ ਉੱਤਰ ਕੰਢੇ ਵੱਲ ਹਨ। ਉਸ ਨੇ ਮੇਜਰ ਲੇਨ ਤੇ ਵਾਰਨਰ ਨੂੰ ਹੁਕਮ ਦਿੱਤਾ

ਕਿ ਹਮਲਾ ਕਰੋ। ਦੋ ਹੋਰਸ ਅਲਟਰੀ ਦੀਆਂ ਰਜਮੈਂਟਾਂ ਅੱਗੇ ਵਧੀਆਂ ਤੇ ਸਿੱਖ ਰਸਾਲਿਆਂ ਉੱਤੇ ਵਾਰ ਕਰਨ ਲੱਗੀਆਂ। ਸਿੱਖ ਤੋਪਾਂ ਨੇ ਉਹਨਾਂ ਤੇ ਧੜਾਧੜ ਗੋਲ਼ੇ ਬਰਸਾਉਣੇ ਸ਼ੁਰੂ ਕਰ ਦਿੱਤੇ। ਸਿੱਖਾਂ ਨੇ ਅੰਗਰੇਜ਼ਾਂ ਦੀਆਂ ਸਾਰੀਆਂ ਤੋਪਾਂ ਕਬਜ਼ੇ ਵਿੱਚ ਕਰ ਲਈਆਂ। ਇੰਨੇ ਨੂੰ ਬਰਗੇਡੀਅਰ ਕੁਰੇਟਨ ਵੀ ਮਾਰਿਆ ਗਿਆ। 14ਵੀਂ ਡ੍ਰਾਗਨਸ ਦੀ ਸਿੱਖਾਂ ਨਾਲ਼ ਜ਼ੋਰਦਾਰ ਲੜਾਈ ਚਲਦੀ ਰਹੀ ਤੇ ਦੋਨਾਂ ਰੈਜਮੈਂਟਾਂ ਦਾ ਭਾਰੀ ਨੁਕਸਾਨ ਹੋਇਆ। ਹੈਵਲੌਕ ਵੀ ਸ਼ੇਰ ਸਿੰਘ ਦੇ ਜਾਲ ਵਿੱਚ ਫਸ ਗਿਆ ਅਤੇ ਲੜਾਈ ਵਿੱਚ ਮਾਰਿਆ ਗਿਆ। ਡ੍ਰਾਗਨਸ ਪਿੱਛੇ ਹੱਟ ਗਏ। ਉਹਨਾਂ ਦਾ ਕਮਾਂਡਿੰਗ ਅਫ਼ਸਰ, 6 ਹੋਰ ਅਫ਼ਸਰ ਤੇ 43 ਸੈਨਿਕ ਮਾਰੇ ਗਏ।

22 ਨਵੰਬਰ ਨੂੰ ਰਾਮ ਨਗਰ ਦੀ ਇਹ ਝੜਪ ਖਤਮ ਹੋ ਗਈ। ਦੋਵਾਂ ਪਾਸਿਆਂ ਦਾ ਨੁਕਸਾਨ ਹੋਇਆ ਪਰ ਅੰਗਰੇਜ਼ਾਂ ਨੂੰ ਇਸ ਲੜਾਈ ਵਿੱਚ ਕੁਝ ਵੱਧ ਨੁਕਸਾਨ ਹੋਇਆ ਉਹਨਾਂ ਦੇ ਹੈਵਲੋਕ ਅਤੇ ਬ੍ਰਿਗੇਡ ਦੀਆਂ ਜਨਰਲ ਕਿਊਟਨ ਮਾਰੇ ਗਏ। ਅੰਗਰੇਜ਼ਾਂ ਨੂੰ ਇਸ ਹਮਲੇ ਦਾ ਕੋਈ ਲਾਭ ਵੀ ਨਹੀਂ ਹੋਇਆ।

**ਸਦੁੱਲਾਪੁਰ ਦੀ ਝੜਪ** - ਬਹੁਤੇ ਸਿੱਖ ਉਤਰੀ ਕੰਢੇ ਤੇ ਆ ਗਏ ਪਰ ਕੁਝ ਘੋੜ ਸਵਾਰ ਉੱਥੇ ਹੀ ਰਹੇ ਜਿਨਾਂ ਨੇ ਅੰਗਰੇਜ਼ਾਂ ਨੂੰ ਪਰੇਸ਼ਾਨ ਕਰੀ ਰੱਖਿਆ। ਗਫ਼ ਨੇ ਰਾਮਨਗਰ ਵਿੱਚ ਆਪਣਾ ਕੈਂਪ ਬਣਾ ਲਿਆ। ਉਹ ਸਪਲਾਈ ਟਰੇਨ ਦਾ ਇੰਤਜ਼ਾਰ ਕਰਨ ਲੱਗਾ। ਜਨਰਲ ਥੈਕਵੈਲ ਕੈਵਲਰੀ ਡਿਵੀਜ਼ਨ ਦਾ ਜਨਰਲ ਕਮਾਂਡਰ ਅਫਸਰ ਬਣ ਗਿਆ। ਕੈਂਪਬੈੱਲ ਨੇ ਤੀਜੀ ਇਨਫੈਂਟਰੀ ਡਿਵੀਜ਼ਨ ਸੰਭਾਲ਼ ਲਈ। ਉਹਨਾਂ ਲਈ ਉੱਤਰੀ ਕਿਨਾਰੇ ਤੇ ਸਿੱਖਾਂ ਨਾਲ਼ ਨਜਿੱਠਣਾ ਬੜਾ ਜ਼ਰੂਰੀ ਸੀ। ਰਾਮਨਗਰ ਤੇ ਵਜ਼ੀਰਾਬਾਦ ਚ 22 ਮੀਲ ਦਾ ਜੋ ਫਾਸਲਾ ਇਸ ਉੱਪਰ ਇੱਕ ਸੜਕ ਚਨਾਬ ਦੇ ਨਾਲ਼ ਨਾਲ਼ ਚਲਦੀ ਸੀ। ਗਫ਼ ਨੇ ਦਰਿਆ ਪਾਰ ਕਰਕੇ ਖੱਬੇ ਪਾਸਿਓਂ ਸ਼ੇਰ ਸਿੰਘ ਤੇ ਹਮਲਾ ਕਰਨ ਦਾ ਸੋਚਿਆ। 30 ਨਵੰਬਰ ਤੱਕ ਸਵੇਰ 6 ਵਜੇ ਤੱਕ ਥੈਕਵੈਲ ਵੀ ਗੜ੍ਹੀ ਖਾਨ ਕੀ ਪਟਨ ਪਹੁੰਚ ਗਿਆ। ਅੱਗੇ 4000 ਸਿੱਖ ਮੁਕਾਬਲੇ ਲਈ ਤਿਆਰ ਖੜੇ ਸੀ। ਜਦੋਂ ਥੈਕਵੈਲ ਵਜ਼ੀਰਾਬਾਦ ਤੱਕ ਪਹੁੰਚਿਆ ਤਾਂ ਸ਼ਾਮ ਦੇ 6 ਵਜੇ ਤੱਕ ਹਨੇਰਾ ਹੋ ਗਿਆ। ਬੇੜੀਆਂ ਰਾਹੀਂ ਉਹਨਾਂ ਨੇ ਦਰਿਆ ਪਾਰ ਕੀਤਾ। ਸਵੇਰ ਤੱਕ ਸ਼ਾਹੀ 24 ਫੁੱਟ ਰੇਜਮੈਂਟ, 25ਵੀਂ ਤੇ 45 ਵੀਂ ਨੇਟਿਵ ਇਨਫੈਨਟਰੀ ਵੀ ਦਰਿਆ ਪਾਰ ਕਰ ਗਈਆਂ। ਤੀਜੀ ਰੈਗੂਲਰ ਕੈਵਲਰੀ ਤੇ ਤਿੰਨ ਰਸਾਲੇ ਵੀ ਲੰਘ ਗਏ। ਅਗਲੇ ਦਿਨ 2 ਦਸੰਬਰ ਦੀ ਸਵੇਰ ਨੂੰ ਫਿਰ ਉਹ ਬਾਕੀ ਸੈਨਿਕ ਪਾਰ ਲੰਘਣੇ ਸ਼ੁਰੂ ਹੋ ਗਏ। ਦੁਪਹਿਰ ਦੇ 2 ਵਜੇ ਤੱਕ ਥੈਕਵੈਲ ਦੀ ਸਾਰੀ ਫੌਜ

14000 ਸੈਨਿਕ, 66 ਤੋਪਾਂ ਤੇ ਸਪਲਾਈ ਉੱਤਰੀ ਕਿਨਾਰੇ ਤੇ ਪਹੁੰਚ ਗਏ ਤੇ ਉਹਨਾਂ ਨੇ ਇੱਥੇ ਕੈਂਪ ਲਾ ਲਿਆ। ਇਹ ਜਗ੍ਹਾ ਸਿੱਖਾਂ ਦੇ ਕੈਂਪ ਤੋਂ 9 ਮੀਲ ਦੂਰ ਸੀ। ਇੱਕ ਅਤੇ ਦੋ ਦਸੰਬਰ ਨੂੰ ਗਫ਼ ਨੇ ਸ਼ੇਰ ਸਿੰਘ ਉੱਤੇ ਭਾਰੀ ਗੋਲਾਬਾਰੀ ਕੀਤੀ। ਥੈਕਵੈਲ ਸਿੱਖਾਂ ਦੇ ਪਹਿਲੇ ਡੇਰੇ ਤੋਂ 2 ਮੀਲ ਦੀ ਦੂਰੀ ਤੇ ਪਿੰਡ ਸਦੁੱਲਾਪੁਰ ਆ ਗਿਆ। ਸ਼ੇਰ ਸਿੰਘ ਵੀ ਥੈਕਵੈਲ ਨੂੰ ਸਦੁੱਲਾਪੁਰ ਚ ਮਿਲਣ ਲਈ ਤਿੰਨ ਤਰੀਕ ਨੂੰ ਸਵੇਰੇ ਰਾਮਨਗਰ ਤੋਂ ਚੱਲ ਪਿਆ। ਇੱਥੇ ਸਿੱਖਾਂ ਨੇ ਗੰਨੇ ਦੇ ਖੇਤਾਂ ਵਿੱਚ ਆਪਣੇ ਮੋਰਚੇ ਲਾਏ ਹੋਏ ਸੀ। ਨਿਕਲਸਨ ਦੀ ਪਠਾਣ ਰਜਮੈਂਟ ਅੱਗੇ ਸੀ। ਸਾਹਮਣੇ ਤਰਵਾਲਾ, ਰੱਤੀ ਤੇ ਕੁਮੂਖੇਲ ਵਿੱਚ ਇਨਫੈਂਟਰੀ ਖੜੀ ਸੀ। ਇਹਨਾਂ ਪਿੰਡਾਂ ਦੇ ਵਿਚਾਲੇ ਇੱਕ ਮੀਲ ਦਾ ਖੁੱਲ੍ਹਾ ਮੈਦਾਨ ਸੀ ਜਿੱਥੇ ਮੋਰਚੇ ਖਤਮ ਹੋ ਜਾਂਦੇ ਸੀ। 2 ਵਜੇ ਸਿੱਖਾਂ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਥੈਕਵੈਲ ਘਬਰਾ ਗਿਆ ਤੇ ਉਸ ਨੇ ਫੌਜ ਨੂੰ 200 ਗਜ ਪਿੱਛੇ ਆਉਣ ਦਾ ਹੁਕਮ ਦਿੱਤਾ ਤਾਂ ਸਿੱਖ ਫਸਲਾਂ ਦੇ ਮੋਰਚੇ ਚੋਂ ਬਾਹਰ ਨਿਕਲੇ। ਥੈੱਕਵਾਲ ਨੇ ਸਦੁੱਲਾਪੁਰ ਦੀ ਮੋਰਚਾਬੰਦੀ ਤੇ ਗੋਲ਼ੀ ਚਲਾਈ।ਭਾਰੀ ਗੋਲਾਬਾਰੀ ਹੋਈ ਪਰ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ। 4 ਦਸੰਬਰ ਨੂੰ ਸਵੇਰੇ ਸਵੇਰੇ ਗਫ਼ ਨੇ ਥਿਕਵੈਲ ਨੂੰ ਨ9ਵੀਂ ਲਾਂਸਰ ਤੇ 14ਵੀਂ ਡਰਾਗੁਣ ਭੇਜ ਦਿੱਤੀ। ਗੌਡਬੀ ਵੀ ਵੀ ਆਪ ਪਹੁੰਚਿਆ। ਉਸ ਦੀ ਬ੍ਰਿਗੇਡ ਵੀ ਥੈਕਵੈਲ ਦੀ ਸਹਾਇਤਾ ਲਈ ਆ ਗਈ। ਇਸੇ ਸਮੇਂ ਰਾਜ ਸ਼ੇਰ ਸਿੰਘ ਸਦੁੱਲਾਪੁਰ ਤੋਂ ਨਿਕਲ ਕੇ ਜੇਹਲਮ ਆਪਣੇ ਡੇਰੇ ਤੇ ਪਹੁੰਚ ਗਿਆ। ਸਵੇਰੇ ਜਦ ਥੈਕਵੈਲ ਨੇ ਦੇਖਿਆ ਤਾਂ ਉੱਥੇ ਸਿੱਖ ਸੈਨਿਕ ਨਹੀਂ ਸਨ। ਸਿੱਖਾਂ ਦੀ ਅਖੀਰਲੀ ਇੱਕ ਟੁਕੜੀ ਨਾਲ਼ ਉਸ ਦੀ ਮਮੂਲੀ ਜਿਹੀ ਝੜਪ ਹੋਈ। ਇਨੇ ਨੂੰ ਸਿੱਖ ਫੌਜ ਸ਼ਾਦੇਵਾਲਾ ਪਹੁੰਚ ਗਈ। ਸ਼ਾਦੇਵਾਲਾ ਇਹੋ ਜਗ੍ਹਾ ਹੈ ਜਿੱਥੇ ਰਾਜੇ ਪੋਰਸ ਦਾ ਸਿਕੰਦਰ ਨਾਲ਼ ਯੁੱਧ ਹੋਇਆ ਸੀ। ਇਸ ਗੋਲਾਬਾਰੀ ਚ ਅੰਗਰੇਜ਼ਾਂ ਦੇ 21 ਬੰਦੇ ਮਰੇ ਤੇ 51 ਜ਼ਖਮੀ ਹੋ ਗਏ। ਸਿੱਖਾਂ ਦੇ ਕੈਂਪ ਤੋਂ ਰਸੂਲ ਸਾਂਢੇ ਵਾਲ਼ਾ 20 ਮੀਲ ਸੀ। ਸ਼ੇਰ ਸਿੰਘ ਆਪਣੀ ਚਾਲ ਦੇ ਨਾਲ਼ ਥੈਕਵੈਲ ਨੂੰ ਸਿੱਖ ਮੋਰਚਾਬੰਦੀ ਦੇ ਨੇੜੇ ਖਿੱਚੀ ਆ ਰਿਹਾ ਸੀ। ਜ਼ਿਆਦਾ ਸਿੱਖ ਫੌਜ ਜਿਹਲਮ ਦੇ ਕੰਢੇ ਤੇ ਮੋਰਚਾਬੰਦੀ ਕਰੀ ਬੈਠੀ ਸੀ। 4 ਦਸੰਬਰ ਨੂੰ ਥੈਕਵੈਲ ਨੇ ਪਿੰਡ ਹੇਲਨ ਚ ਡੇਰਾ ਲਾ ਲਿਆ ਜੋ ਸਦੁੱਲਾਪੁਰ ਤੋਂ 14 ਮੀਲ ਦੂਰ ਹੈ। ਹੇਲਨ ਤੋਂ ਚੇਲਿਆਂਵਾਲਾ 12 ਮੀਲ ਅੱਗੇ ਆ ਜਿੱਥੇ 4 ਮੀਲ ਜੇਹਲਮ ਦਰਿਆ ਦੂਰ ਵਗਦਾ ਹੈ। 8 ਦਸੰਬਰ ਨੂੰ ਗਫ਼ ਵੀ ਉਸ ਕੋਲ਼ ਆ ਗਿਆ। ਦੋਵਾਂ ਨੇ ਇੱਥੇ ਜਨਰਲ ਵਿਸ਼ ਦਾ ਇੰਤਜ਼ਾਰ ਕੀਤਾ ਜੋ ਮੁਲਤਾਨ ਤੋਂ ਇਨਫੈਂਟਰੀ ਲੈ ਕੇ ਆ ਰਿਹਾ ਸੀ। 18 ਦਸੰਬਰ ਨੂੰ ਸ਼ੇਰ ਸਿੰਘ ਆਪਣੇ 10000 ਸੈਨਿਕ ਲੈ ਕੇ ਡੀਂਗਾ ਚਲਾ ਗਿਆ ਜੋ ਚੇਲਿਆਂਵਾਲਾ ਤੋਂ ਅੱਠ ਮੀਲ ਦੂਰ ਵਜ਼ੀਰਾਬਾਦ

ਵਾਲ਼ੇ ਪਾਸੇ ਹੈ। ਇਹਨੇ ਨੂੰ ਅਟਕ ਤੋਂ ਕਿਲ੍ਹੇ ਦੇ ਡਿੱਗਣ ਦੀ ਖ਼ਬਰ ਆ ਗਈ। ਹੁਣ ਚਤਰ ਸਿੰਘ ਦੀ ਪਿਸ਼ਾਵਰ ਬ੍ਰਿਗੇਡ ਦੇ ਆਉਣ ਦਾ ਰਸਤਾ ਵੀ ਸਾਫ਼ ਹੋ ਗਿਆ। ਗਫ਼ ਨੇ ਸੋਚਿਆ ਕਿ ਮੁਲਤਾਨ ਤੋਂ ਵਿਸ਼ ਦੇ ਆਉਣ ਮਗਰੋਂ ਸ਼ੇਰ ਸਿੰਘ ਤੇ ਹਮਲਾ ਕਰੇਗਾ ਪਰ 19 ਦਸੰਬਰ ਨੂੰ 51 ਬੰਦੂਕਾਂ ਦੀ ਸਲਾਮੀ ਨਾਲ਼ ਸਿੱਖਾਂ ਨੇ ਅਟਕ ਦੇ ਕਿਲੇ ਡਿੱਗਣ ਦਾ ਐਲਾਨ ਕਰ ਦਿੱਤਾ। ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਨ ਨੇ ਸ਼ੇਰ ਸਿੰਘ ਦਾ ਸਾਥ ਦੇਣ ਦਾ ਵਾਅਦਾ ਕੀਤਾ ਪਿਸ਼ਾਵਰ ਤੋਂ ਫੌਜ-ਏ-ਐਨ ਵੀ ਆ ਗਈ। ਇਹ ਵੇਖ ਕੇ ਗਫ਼ ਨੇ ਹਮਲਾ ਕਰਨ ਦਾ ਫੈਸਲਾ ਕਰ ਲਿਆ। ਉਸ ਵੇਲ਼ੇ ਉਸ ਕੋਲ਼ 12000 ਸੈਨਿਕ ਤੇ 66 ਤੋਪਾਂ ਸਨ।

## ਦੂਜਾ ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ -2
## (ਚੇਲਿਆਂਵਾਲ਼ਾ ਦੀ ਜੰਗ)

ਚੇਲਿਆਂਵਾਲ਼ਾ ਦੀ ਜੰਗ ਲੋਹੜੀ ਵਾਲ਼ੇ ਦਿਨ ਹੋਈ ਸੀ। ਚੇਲਿਆਂਵਾਲ਼ਾ ਮੌਜੂਦਾ ਪਾਕਿਸਤਾਨ ਵਿੱਚ ਸਥਿਤ ਹੈ ਜੋ ਉਸ ਸਮੇਂ ਖ਼ਾਲਸਾ ਰਾਜ ਦਾ ਹਿੱਸਾ ਸੀ। ਇੱਥੇ ਅੰਗਰੇਜ਼ਾਂ ਤੇ ਸਿੱਖਾਂ ਵਿੱਚ ਲੰਮੀ ਜੰਗ ਹੋਈ ਜਿਸ ਵਿੱਚ ਅੰਗਰੇਜ਼ਾਂ ਦੀਆਂ ਤਿੰਨ ਰਾਜਮੈਂਟਾਂ ਨੇ ਆਪਣੇ ਝੰਡੇ ਗਵਾਏ। ਇਸ ਜੰਗ ਵਿੱਚ ਅੰਗਰੇਜ਼ਾਂ ਦੇ ਹੋਏ ਨੁਕਸਾਨ ਨੂੰ ਇਤਿਹਾਸ ਵਿੱਚ ਅਜੇ ਵੀ ਯਾਦ ਰੱਖਿਆ ਜਾਂਦਾ। 1857 ਦੀ ਕ੍ਰਾਂਤੀ ਵੇਲ਼ੇ ਅੰਗਰੇਜ਼ਾਂ ਨੂੰ "ਚੇਲਿਆਂਵਾਲ਼ਾ ਯਾਦ ਹੈ" ਇਹ ਕਹਿ ਕੇ ਟੱਕਰ ਦਿੱਤੀ ਜਾਂਦੀ ਸੀ। ਚੇਲਿਆਂਵਾਲ਼ਾ ਰਸੂਲ ਤੋਂ ਤਿੰਨ ਜਾਂ ਚਾਰ ਮੀਲ ਦੂਰ ਜਿਹਲਮ ਉੱਤੇ ਹੈ। ਰਸੂਲ ਤੋਂ ਲਾਲਾ ਮੂਸਾ ਤੇ ਮਲਕਵਾਲ ਪੁੱਲ ਤੋਂ ਸੜਕ ਰਾਹੀਂ ਚੇਲਿਆਂਵਾਲ਼ਾ ਪਹੁੰਚਿਆ ਜਾ ਸਕਦਾ ਹੈ। ਹੇਲਨ ਤੋਂ ਚੇਲਿਆਂਵਾਲ਼ਾ 26 ਮੀਲ ਦੂਰੀ ਤੇ ਹੈ। ਮਹੀਨਾ ਭਰ ਰੁਕ ਕੇ ਜਨਰਲ ਗਫ਼ ਨੇ ਚੇਲਿਆਂਵਾਲ਼ੇ ਵੱਲ ਤੁਰਨ ਬਾਰੇ ਸੋਚਿਆ। ਪਿਛਲੀਆਂ ਲੜਾਈਆਂ ਵਿੱਚ ਹੋਏ ਨੁਕਸਾਨ ਕਾਰਨ ਉਸ ਨੇ ਡੇਢ ਕੁ ਮਹੀਨਾ ਲੜਾਈ ਟਾਲਣ ਵਿੱਚ ਹੀ ਆਪਣੀ ਭਲਾਈ ਸਮਝੀ। 12 ਜਨਵਰੀ 1849 ਨੂੰ ਉਸ ਨੇ ਹੇਲਪ ਦੇ ਨੇੜੇ ਲੋਹ ਟਿੱਬੇ ਤੋਂ ਡੀਂਗਾ ਵੱਲ ਚੱਲਣਾ ਸ਼ੁਰੂ ਕਰ ਦਿੱਤਾ ਜਿੱਥੇ ਸ਼ੇਰ ਸਿੰਘ ਦੀ ਫੌਜ ਰੁਕੀ ਹੋਈ ਸੀ। ਸ਼ੇਰ ਸਿੰਘ ਦੀ ਫੌਜ ਲਖਨੀ ਵਾਲ਼ਾ, ਫਤਿਹ ਸ਼ਾਹ ਕਾ ਚੱਕ, ਲਲਿਆਣੀ ਜੇਹਲਮ ਤੇ ਰਸੂਲ ਤੱਕ ਕਿੱਕਰਾਂ, ਅੰਬ ਤੇ ਕੰਡਿਆਂ ਵਾਲ਼ੇ ਦਰਖਤਾਂ ਦੇ ਜੰਗਲ ਵਿੱਚ ਫੈਲੀ ਹੋਈ ਸੀ। ਸਿੱਖ ਫੌਜ 12 ਪੈਦਲ ਪਲਟਨਾਂ (22000 ਸੈਨਿਕ),66 ਤੋਪਾਂ ਅਤੇ 4000 ਤੋਂ ਵੱਧ ਘੋੜ ਸਵਾਰਾਂ ਦੀ ਤਿਆਰ ਬਰ ਤਿਆਰ ਫੌਜ

ਸੀ। ਸ਼ੇਰ ਸਿੰਘ ਦੀ ਮਜ਼ਬੂਤ ਮੋਰਚਾਬੰਦੀ ਕਰਕੇ ਗਫ਼ ਨੇ ਸਿੱਧਾ ਮੂਹਰਿਓ ਹਮਲਾ ਕਰਨ ਦਾ ਫੈਸਲਾ ਕੀਤਾ। 13 ਜਨਵਰੀ ਨੂੰ ਸਵੇਰੇ ਮੂੰਹ ਹਨੇਰੇ ਸੀ ਜੰਗ ਦਾ ਬਿਗਲ ਵੱਜ ਗਿਆ। 24ਵੀਂ ਫੁਟ ਨੇ ਸਿੱਖਾਂ ਤੇ ਹਮਲਾ ਕੀਤਾ ਪਰ ਸਿੱਖ ਪਹਿਲਾਂ ਹੀ ਪਿੱਛੇ ਹਟ ਗਏ। ਜਨਰਲ ਗਫ਼ ਨੇ ਇਹ ਦੇਖ ਕੇ ਅਗਲੇ ਦਿਨ ਹਮਲਾ ਕਰਨ ਦੀ ਸੋਚੀ ਪਰ ਫਿਰ ਸਿੱਖ ਮੋਰਚਾ ਬੰਦੀ ਨੂੰ ਦੇਖਦਿਆਂ ਹਮਲਾ ਸ਼ੁਰੂ ਦਿੱਤਾ। ਦੁਪਹਿਰ ਤੱਕ ਤੋਪਾਂ ਚੱਲਦੀਆਂ ਰਹੀਆਂ। ਹਰੇ ਜੰਗਲ ਵਿੱਚ ਇਹ ਇੱਕ ਲੁਕਵੀਂ ਖ਼ੂਨੀ ਜੰਗ ਸੀ। ਸਿੱਖਾਂ ਨੇ ਬ੍ਰਿਗੇਡੀਅਰ ਪੈਨੀ ਕੁਇਕ ਦੀ ਬ੍ਰਿਗੇਡ ਨੂੰ ਬੁਰੀ ਤਰ੍ਹਾਂ ਕੁਚਲ ਕੇ ਪਿੱਛੇ ਧੱਕ ਦਿੱਤਾ। 24ਵੀਂ ਫੁੱਟ ਰਜਮੈਂਟ ਨੂੰ ਸਿੱਖਾਂ ਦਾ ਸਿੱਧਾ ਵਾਰ ਸਹਿਣਾ ਪਿਆ। ਗ੍ਰਿਨੇਡੀਅਰ ਕੰਪਨੀ ਬੁਰੀ ਤਰ੍ਹਾਂ ਕੱਟੀ ਗਈ। 25ਵੀਂ ਤੇ 46ਵੀਂ ਰਜਮੈਂਟ ਇੱਕ ਦੂਜੇ ਤੋਂ ਦੂਰ ਹੋ ਗਈਆਂ। ਇੱਕ ਵਾਰ ਤਾਂ ਅੰਗਰੇਜ਼ਾਂ ਨੇ ਸਿੱਖ ਤੋਪਾਂ ਤੇ ਕਬਜ਼ਾ ਕਰ ਲਿਆ ਪਰ ਬ੍ਰਿਗੇਡੀਅਰ ਪੇਨੀਕੁਇਕ ਨੂੰ ਗੋਲੀ ਵੱਜੀ ਤੇ ਉਹ ਮਰ ਗਿਆ। ਸਿੱਖਾਂ ਨੇ ਤਲਵਾਰਾਂ ਨਾਲ਼ ਲੜ ਕੇ ਆਪਣੀਆਂ ਤੋਪਾਂ ਵਾਪਸ ਖੋਹ ਲਈਆ। ਹੱਥੋ ਹੱਥ ਦੀ ਇਸ ਲੜਾਈ ਵਿੱਚ 24 ਫੁਟ ਦੀ ਸਾਰੀ ਕਲਰ ਪਾਰਟੀ ਦੇ ਕਮਾਂਡਰ ਕਰਨਲ ਬਰੁੱਕਹ ਤੇ ਹੋਰ ਅਫ਼ਸਰ ਮਾਰੇ ਗਏ। 24ਵੀਂ ਤੇ 45ਵੀਂ ਫੁਟ ਨੂੰ ਜੰਗਲ ਵਿੱਚ ਛੁੱਪ ਕੇ ਚੇਲਿਆਂਵਾਲਾ ਵੱਲ ਭੱਜਣਾ ਪਿਆ। ਅੰਗਰੇਜ਼ਾਂ ਦੇ 24ਵੀਂ ਫੁਟ ਦੇ 13 ਅਫ਼ਸਰ ਤੇ 225 ਜਵਾਨ ਮਾਰੇ ਗਏ। 25ਵੀਂ ਦੇ 3 ਅਫ਼ਸਰ, 201 ਜਵਾਨ ਅਤੇ 45ਵੀਂ ਦੇ 40 ਅਫ਼ਸਰ ਤੇ 75 ਜਵਾਨ ਮਰੇ ਜਾਂ ਜ਼ਖਮੀ ਹੋਏ। ਉਧਰ ਹੋਗਾਨ ਆਪਣੀ ਬ੍ਰਿਗੇਡ ਲੈ ਕੇ ਜੰਗਲ ਦੇ ਦੂਜੇ ਹਿੱਸੇ ਵਿੱਚ ਸੀ ਉਸ ਦਾ ਰਾਜਾ ਲਾਲ ਸਿੰਘ ਦੀ ਫੌਜ ਨਾਲ਼ ਟਾਕਰਾ ਹੋਇਆ। 41ਵੀਂ ਫੁਟ ਰਜਮੈਂਟ ਨੇ ਰਸਾਲਿਆਂ ਤੇ ਗੋਲੀਆਂ ਚਲਾਈਆਂ ਤੇ ਤੋਪਾਂ ਨੂੰ ਕਬਜ਼ੇ ਵਿੱਚ ਕਰ ਲਿਆ। 36ਵੀਂ ਰਜੀਮੈਂਟ ਨੂੰ ਸਿੱਖ ਪੋਦਲ ਫੌਜ ਨਾਲ਼ ਮੁਕਾਬਲਾ ਕਰਨਾ ਪਿਆ। 46ਵੀਂ ਰੈਜਮੈਂਟ ਦਾ ਸਿੱਖ ਘੋੜ ਸਵਾਰਾਂ ਨੇ ਕਰੜਾ ਮੁਕਾਬਲਾ ਕੀਤਾ। 36ਵੀਂ ਪਲਟਨ ਪਿੱਛੇ ਹਟ ਰਹੀ ਸੀ ਤਾਂ ਸਿੱਖਾਂ ਦੀ ਪੈਦਲ ਫੌਜ ਨੇ ਕੈਂਪਬੈੱਲ ਦੀ 61ਵੀਂ ਪਲਟਨ ਤੇ ਹਮਲਾ ਕੀਤਾ। ਅਤਰ ਸਿੰਘ ਤੇ ਲਾਲ ਸਿੰਘ ਦੀ ਇਨਫੈਂਟਰੀ ਨੇ ਮੁਕਾਬਲਾ ਕੀਤਾ।46ਵੀਂ ਤੇ 61ਵੀਂ ਰਜਮੈਂਟ ਨੇ ਅਤਰ ਸਿੰਘ ਦੀਆਂ 13 ਤੋਪਾਂ ਲੈ ਲਈਆਂ। ਰਾਮ ਸਿੰਘ ਦੇ ਰਸਾਲਿਆਂ ਨੇ ਅੰਗਰੇਜ਼ਾਂ ਦੀ ਕੈਵਲਰੀ ਤੇ ਹਮਲਾ ਕਰਕੇ ਤਕੜਾ ਮੁਕਾਬਲਾ ਦਿੱਤਾ। ਇਸ ਸਮੇਂ ਡ੍ਰਾਗਨਸ ਨੇ ਹਮਲਾ ਕਰਕੇ ਸਿੱਖ ਰਸਾਲਿਆਂ ਨੂੰ ਖਿੰਡਾ ਦਿੱਤਾ। ਉਹਨਾਂ ਨੇ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। 160 ਡ੍ਰਾਗਨਸ ਵਿੱਚੋਂ 23 ਡ੍ਰਾਗਨਸ ਮਾਰੇ ਗਏ ਤੇ 17 ਜ਼ਖਮੀ ਹੋਏ। 18 ਘੋੜੇ ਮਰੇ 8 ਜ਼ਖਮੀ ਹੋਏ। ਅੰਗਰੇਜ਼ ਫੌਜ ਵਿੱਚ ਭਗਦੜ

jagtar SIngh Sokhi_Layout 1 22-Dec-24 6:06 PM Page 47

ਮੱਚ ਗਈ। 3000 ਬੰਦੇ ਮੈਦਾਨ ਵਿੱਚ ਭੱਜਣ ਲੱਗੇ ਤਾਂ ਚੈਚਲਿਨ ਵ੍ਹਾਈਟਿੰਗ ਨੇ ਉਹਨੂੰ ਅੱਗੇ ਹੋ ਕੇ ਰੋਕਿਆ। ਸਿੱਖ ਘੋੜ ਸਵਾਰਾਂ ਨੇ ਮੇਜਰ ਕ੍ਰਿਸ਼ਟੀ ਦੀ ਬ੍ਰਿਗੇਡ ਤੇ ਵਾਰ ਕੀਤਾ 4 ਤੋਪਾਂ ਤੇ 60 ਗੱਡੇ ਬਰੂਦ ਦੇ ਕਾਬੂ ਕਰ ਲਏ। ਇਹ ਇਹ ਦੇਖ ਕੇ ਗੋਡਬੀ ਆਪ ਸ਼ੇਰ ਸਿੰਘ ਦੀ ਮੋਰਚਾਬੰਦੀ ਉੱਤੇ ਗਿਆ। ਉਸ ਨੇ ਹਮਲਾ ਕਰਨ ਦਾ ਹੁਕਮ ਦਿੱਤਾ। ਇਸ ਸਮੇ ਅਖੀਰ ਜਨਰਲ ਗਿੱਲਬਰਟ ਆਪ ਅੱਗੇ ਆਇਆ। ਉਸਨੇ ਅੰਗਰੇਜ਼ਾਂ ਸਿਪਾਹੀਆਂ ਨੂੰ ਵੰਗਾਰਿਆ। ਕੱਲਾ ਕੱਲਾ ਸਿੱਖ ਤਲਵਾਰ ਲੈ ਕੇ ਉਹਨਾਂ ਦੇ ਪਿੱਛੇ ਪਿਆ। ਮਾਊਂਟੇਨ ਦੀ ਬ੍ਰਿਗੇਡ ਸ਼ਾਹੀ 29ਵੀਂ 30ਵੀਂ, 61ਵੀਂ ਨੇਟਿਵ ਇੰਡੀਆ ਅਤੇ ਡੋਅ ਦੀ ਬੈਟਰੀ ਅੰਗਰੇਜ਼ਾਂ ਦੀ ਤਰਫੋਂ ਖ਼ੂਬ ਲੜ ਰਹੀ ਸੀ।ਅਚਾਨਕ ਅਤਰ ਸਿੰਘ ਤੇ ਸ਼ੇਰ ਸਿੰਘ ਦੀਆਂ ਫੌਜਾਂ ਨੇ ਇਕੱਠਿਆਂ ਹੋ ਕੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਪਹਿਲੀ ਰਜਮੈਂਟ ਦੇ ਝੰਡੇ ਡੇਗ ਦਿੱਤੇ ਗਏ। 29ਵੀਂ ਰਜਮੈਂਟ ਨੇ ਸੰਗੀਨਾਂ ਨਾਲ਼ ਸਿੱਖਾਂ ਦਾ ਮੁਕਾਬਲਾ ਕੀਤਾ ਤੇ ਉਹਨਾਂ ਨੂੰ ਧੱਕ ਕੇ ਅੱਗੇ ਲੈ ਗਏ। ਸਿੱਖ ਪੈਦਲ ਫੌਜ ਬੰਦੂਕਾਂ ਸੁੱਟ ਕੇ ਤਲਵਾਰਾਂ ਨਾਲ਼ ਲੜਨ ਲੱਗੀ। ਅਖੀਰ 29ਵੀਂ ਸ਼ਾਹੀ ਨੇਟਿਵ ਇੰਡੀਆ ਨੇ ਮੋਰਚਾ ਫ਼ਤਿਹ ਕੀਤਾ ਅਤੇ ਸਿੱਖਾਂ ਦੀਆਂ 12 ਤੋਪਾਂ ਉਤੇ ਕਬਜ਼ਾ ਕਰ ਲਿਆ। 56ਵੀਂ ਦਾ ਕਰਨਲ ਤੇ ਹੋਰ ਅਫ਼ਸਰ ਮਾਰੇ ਗਏ। ਜਿਵੇਂ ਜਿਵੇਂ ਰਾਤ ਪੈਣ ਲੱਗੀ ਹਨੇਰਾ ਸ਼ੁਰੂ ਹੋ ਗਿਆ। ਮਾਊਂਟੇਨ ਤੇ ਹੋਗਾਨ ਦੀ ਬ੍ਰਿਗੇਡ ਤੇ ਵ੍ਹਾਈਟ ਦੀ ਕੈਲਵਰੀ ਨੇ ਸਿੱਖਾਂ ਦੀ ਪੁਜ਼ੀਸ਼ਨ ਖੋਹ ਲਈ। ਸਿੱਖਾਂ ਦੀ ਫੌਜ ਜਿਹਲਮ ਦੇ ਤਪਾਈ ਕੈਂਪ ਤੱਕ ਪਿੱਛੇ ਹਟ ਗਈ ਤੇ ਉਥੋਂ ਰਸੂਲ ਵੱਲ ਚਲੇ ਗਈ। ਕਰਨਲ ਲੇਨ ਦੀ ਆਰਟਿਲਰੀ ਉਹਨਾਂ ਤੇ ਲਗਾਤਾਰ ਗੋਲੇ ਸਿੱਟ ਰਹੀ ਸੀ। ਲੜਾਈ ਖਤਮ ਹੋ ਗਈ ਸੂਰਜ ਡੁੱਬ ਗਿਆ। ਗਫ਼ ਨੇ ਸਿੱਖਾਂ ਦੇ ਮੋਰਚੇ ਤੇ ਰਹਿਣ ਦਾ ਫੈਸਲਾ ਕੀਤਾ ਕਿ ਕਿਤੇ ਰਾਤ ਨੂੰ ਸ਼ੇਰ ਸਿੰਘ ਇਸ ਤੇ ਦੁਬਾਰਾ ਕਬਜ਼ਾ ਨਾ ਕਰ ਲਵੇ। ਸਿੱਖ ਫੌਜ ਅਜੇ ਵੀ ਸਾਹਮਣੇ ਖੜੀ ਸੀ ਸ਼ੇਰ ਸਿੰਘ ਆਪਣੀਆਂ ਤੋਪਾਂ ਚੁੱਕ ਕੇ ਲੈ ਗਿਆ ਜੋ ਪਿੱਛੇ ਰਹਿ ਗਈਆਂ ਸਨ। ਇਹ ਜੰਗ ਸਾਢੇ ਤਿੰਨ ਘੰਟੇ ਚੱਲੀ ਇਸ ਵਿੱਚ ਗਫ਼ ਦੇ 706 ਬੰਦੇ ਮਰੇ ਤੇ 1651 ਜ਼ਖ਼ਮੀ ਹੋਏ। ਮਰਨ ਵਾਲਿਆਂ ਵਿੱਚ 22 ਅੰਗਰੇਜ਼ ਅਫ਼ਸਰ ਤੇ 16 ਹਿੰਦੁਸਤਾਨੀ ਅਫ਼ਸਰ, 57 ਜੂਨੀਅਰ ਅਫ਼ਸਰ, 5 ਬਿਗਲ ਵਜਾਉਣ ਵਾਲ਼ੇ, 597 ਸੈਨਿਕ,1ਲਸਕਰ, 8 ਸਾਈਸ ਤੇ 132 ਘੋੜੇ ਸਨ। ਜਖਮੀਆਂ ਵਿੱਚ 67 ਅੰਗਰੇਜ਼ ਅਫ਼ਸਰ, 27 ਹਿੰਦੁਸਤਾਨੀ ਅਫ਼ਸਰ,1 ਵਾਰੰਟ ਅਫ਼ਸਰ, 90 ਜੂਨੀਅਰ ਅਫ਼ਸਰ,17 ਬਿਗਲ ਵਜਾਉਣ ਵਾਲ਼ੇ,1439 ਹੋਰ ਸੈਨਿਕ ,8 ਲਸਕਰ, 2 ਸਾਈਸ ਤੇ 44 ਘੋੜੇ ਸਨ। ਸਿੱਖਾਂ ਦੇ ਵੀ ਬਹੁਤ ਸਾਰੇ ਬੰਦੇ ਮਰੇ ਪਰ ਉਹਨਾਂ ਦਾ ਕੋਈ ਰਿਕਾਰਡ ਨਹੀਂ

ਮਿਲਦਾ। ਉਹ ਮੈਦਾਨ ਤੋਂ ਪਿੱਛੇ ਜ਼ਰੂਰ ਹਟ ਗਏ। ਪਰ ਗਫ਼ ਨਾ ਤਾਂ ਉਹਨਾਂ ਨੂੰ ਹਰਾ ਸਕਿਆ ਅਤੇ ਨਾ ਹੀ ਆਪਣੀ ਯੋਜਨਾ ਅਨੁਸਾਰ ਜਿਹਲਮ ਪਾਰ ਧੱਕ ਸਕਿਆ ਸੀ। ਸਿੱਖਾਂ ਦੀਆਂ 13 ਤੋਪਾਂ ਉੱਤੇ ਉਸਨੇ ਕਬਜ਼ਾ ਕਰ ਲਿਆ ਸੀ। 14 ਤਰੀਕ ਨੂੰ ਅਗਲੀ ਸਵੇਰ ਸੁਬਹ ਬਾਰਿਸ਼ ਹੋ ਰਹੀ ਸੀ। ਗਫ਼ ਲੜਾਈ ਦੇ ਮੈਦਾਨ ਵਿੱਚ ਪਹੁੰਚਿਆ ਉਸ ਨੇ ਵੇਖਿਆ ਕਿ ਇੰਨੇ ਕਤਲੇਆਮ ਦੇ ਬਾਅਦ ਵੀ ਲੜਾਈ ਤਾਂ ਅਧੂਰੀ ਰਹਿ ਗਈ ਹੈ।ਉਹ ਹੁਣ ਨਿਰਾਸ਼ ਹੋ ਗਿਆ ਸੀ। ਉਧਰ ਵਿਲਾਇਤ ਵਿੱਚ ਵੀ ਇਸ ਗੱਲ ਦਾ ਰੌਲਾ ਪਿਆ ਕਿ ਇਹਨਾਂ ਨੁਕਸਾਨ ਹੋ ਕੇ ਵੀ ਬਗੈਰ ਜਿੱਤ ਹਾਰ ਦੇ ਫੈਸਲੇ ਦੇ ਲਈ ਲੜਾਈ ਕਿਉਂ ਹੋਈ ਜਿਸ ਵਿੱਚ ਰਜਮੈਂਟਲ ਤੇ ਮਹਾਰਾਣੀ ਦੇ ਝੰਡੇ ਡਿੱਗ ਗਏ ਤੇ ਚਾਰ ਬ੍ਰਿਟਿਸ਼ ਤੋਪਾਂ ਵੀ ਖੁਹਾ ਲਈਆਂ। ਗਫ਼ ਦੀ ਥਾਂ ਤੇ ਸਰ ਚਾਰਲਸ ਨੇਪੀਅਰ ਨੂੰ ਕਮਾਂਡਰ ਬਣਾਇਆ ਗਿਆ ਪਰ ਗਫ਼ ਨੂੰ ਅਜੇ ਇਸ ਬਾਰੇ ਪਤਾ ਨਹੀਂ ਸੀ। ਗਫ਼ ਨੂੰ ਇਹ ਉਮੀਦ ਸੀ ਕਿ ਉਹ ਸਿੱਖਾਂ ਨੂੰ ਹਰਾ ਕੇ ਛੱਡੇਗਾ ਜਾਂ ਜੇਹਲਮ ਦੇ ਪਾਰ ਸਿੰਧ ਸਾਗਰ ਦੁਆਬ ਤੱਕ ਧੱਕੇਗਾ। ਅਗਲੇ ਤਿੰਨ ਦਿਨ ਉੱਥੇ ਬਾਰਿਸ਼ ਹੁੰਦੀ ਰਹੀ ਗਫ਼ ਨੂੰ ਸ਼ੇਰ ਸਿੰਘ ਦੇ ਹਮਲੇ ਦਾ ਫਿਰ ਡਰ ਸੀ ਇਸ ਕਰਕੇ ਉਸ ਨੇ ਆਪਣੇ ਕੈਂਪ ਦੁਆਲੇ ਖਾਈਆਂ ਖੋਦ ਲਈਆਂ। ਤੀਜੇ ਦਿਨ ਸ਼ੇਰ ਸਿੰਘ ਦਾ ਇੱਕ ਜਰਨੈਲ ਇਲਾਹੀ ਬਖਸ਼ ਜੋ ਪਿਸ਼ਾਵਰ ਬ੍ਰਿਗੇਡ ਦਾ ਸਿੱਖ ਅਲਟਿਲਰੀ ਜਰਨੈਲ ਸੀ ਸ਼ੇਰ ਸਿੰਘ ਨੂੰ ਛੱਡ ਕੇ ਗਫ਼ ਕੋਲ਼ ਆ ਗਿਆ। ਉਸ ਨੇ ਗਫ਼ ਨੂੰ ਸੂਹ ਦਿੱਤੀ ਕਿ ਸ਼ੇਰ ਸਿੰਘ ਦੀ ਪੁਜ਼ੀਸ਼ਨ ਬਹੁਤ ਮਜ਼ਬੂਤ ਹੈ ਇਸ ਕਰਕੇ ਹਮਲਾ ਕਰਨਾ ਠੀਕ ਨਹੀਂ। ਗਫ਼ ਵੀ ਮੁਲਤਾਨ ਦੀ ਫੌਜ ਦਾ ਇੰਤਜ਼ਾਰ ਕਰਨ ਲਈ ਰਾਜ਼ੀ ਹੋ ਗਿਆ। ਦੋ ਦਿਨ ਬਾਅਦ ਚਤਰ ਸਿੰਘ ਸ਼ੇਰ ਸਿੰਘ ਕੋਲ 6000 ਦੀ ਫੌਜ ਲੈ ਕੇ ਆ ਪੁੱਜਾ। ਸ਼ੇਰ ਸਿੰਘ ਦੀ ਫੌਜ ਡੀਂਗਾ ਪਹੁੰਚ ਗਈ। ਉਹਨਾਂ ਨੇ ਗਫ਼ ਦੀ ਸਪਲਾਈ ਦਾ ਕੱਟਣ ਦੀ ਧਮਕੀ ਦਿੱਤੀ ਪਰ ਗਫ ਡਟਿਆ ਰਿਹਾ। 11 ਫਰਵਰੀ ਨੂੰ ਫਿਰ ਸ਼ੇਰ ਸਿੰਘ ਨੇ ਖੋਰੀ ਜਾ ਕੇ ਗਫ਼ ਨੂੰ ਲਲਕਾਰਿਆ ਪਰ ਗਫ਼ ਫਿਰ ਵੀ ਅੱਗੇ ਨਾ ਵਧਿਆ। 13 ਫਰਵਰੀ ਨੂੰ ਵਿਸ਼ ਦੀ ਫੌਜ ਦੀ ਪਹਿਲੀ ਡਿਵੀਜ਼ਨ ਵੀ ਆ ਗਈ। ਸ਼ੇਰ ਸਿੰਘ ਨੂੰ ਜਦੋਂ ਪਤਾ ਲੱਗਾ ਤਾਂ ਆਪਣੀ ਫੌਜ ਤੇ ਗੈਰੀਸਨ ਨੂੰ ਨਾਲ਼ ਲੈ ਕੇ ਚਨਾਬ ਦੇ ਪੂਰਬ ਵਿੱਚ 25 ਮੀਲ ਦੂਰ ਗੁਜਰਾਤ ਦੇ ਕਿਲੇਬੰਦ ਸ਼ਹਿਰ ਵਿੱਚ ਚਲ ਪਿਆ। ਗਫ਼ ਦੇ ਬੰਦਿਆਂ ਨੇ ਉਸ ਨੂੰ ਸਿੱਖਾਂ ਤੇ ਹਮਲਾ ਕਰਨ ਲਈ ਕਿਹਾ ਪਰ ਉਸ ਨੇ ਇਹਨਾਂ ਦੀ ਗੱਲ ਨਹੀਂ ਮੰਨੀ। ਉਸ ਨੇ ਆਪਣਾ ਸਾਰਾ ਗ਼ੈਰ ਫੌਜੀ ਸਟਾਫ ਤੇ ਵਾਧੂ ਸਮਾਨ ਰਾਮ ਨਗਰ ਭੇਜ ਦਿੱਤਾ।15 ਫ਼ਰਵਰੀ ਨੂੰ ਆਪਣਾ ਕੈਂਪ ਤੋੜ ਦਿੱਤਾ ਚਿਲਿਆਂ ਵਾਲ਼ਾ ਕੋਈ ਤੇ ਮੁਜੀਆਂ ਵਾਲ਼ਾ ਵਿੱਚੋਂ ਲੰਘ ਕੇ ਲਸੂਰੀ ਪਹੁੰਚ

ਗਿਆ ਜਿੱਥੇ ਉਹ ਜਨਰਲ ਵਿਸ਼ ਨੂੰ ਮਿਲਿਆ। 17 ਫਰਵਰੀ ਨੂੰ ਕੁੰਜਾ ਪਹੁੰਚਿਆ ਜਿੱਥੋਂ ਉਸਨੇ ਗੁਜਰਾਤ ਵਿੱਚ ਸਿੱਖਾਂ ਦੀ ਮੋਰਚਾਬੰਦੀ ਦੇਖੀ। 18 ਨੂੰ ਤ੍ਰਿਖਰ ਤੇ 20 ਨੂੰ ਸ਼ਾਦੀਵਾਲ ਪਹੁੰਚ ਗਿਆ। ਇਸ ਤਰ੍ਹਾਂ ਚਿਲਿਆਂਵਾਲ਼ਾ ਦੀ ਲੜਾਈ ਵਿੱਚ ਭਾਰੀ ਨੁਕਸਾਨ ਕਰਾ ਕੇ ਗਫ਼ ਬਿਨਾਂ ਕਿਸੇ ਜਿੱਤ ਹਾਰ ਦੇ ਮੈਦਾਨ ਵਿੱਚੋਂ ਚਲਾ ਗਿਆ।

## ਦੂਜਾ ਅੰਗਰੇਜ਼-ਸਿੱਖ ਯੁੱਧ ਬ੍ਰਿਤਾਂਤ -3

ਦੂਜੇ ਅੰਗਰੇਜ਼ ਸਿੱਖ-ਯੁੱਧ ਦੀ ਆਖਰੀ ਜੰਗ ਗੁਜਰਾਤ ਵਿੱਚ ਹੋਈ। ਇਹ ਜੰਗ ਸਿੱਖ ਪਾਸਿਓਂ ਸਰਦਾਰ ਸ਼ੇਰ ਸਿੰਘ ਅਤੇ ਸਰਦਾਰ ਚਤਰ ਸਿੰਘ ਦੀਆਂ ਫੌਜਾਂ ਅਤੇ ਦੂਜੇ ਪਾਸੇ ਅੰਗਰੇਜ਼ੀ ਫੌਜਾਂ ਜਿਨ੍ਹਾਂ ਦੀ ਅਗਵਾਈ ਜਨਰਲ ਗਫ਼ ਕਰ ਰਿਹਾ ਸੀ ਵਿਚਕਾਰ 21 ਫਰਵਰੀ 1849 ਤੋਂ ਸ਼ੁਰੂ ਹੋ ਕੇ 14 ਮਾਰਚ 1849 ਤੱਕ ਚੱਲੀ। ਇਹ ਇੱਕ ਨਿਰਨਣਾਜਨਕ ਜੰਗ ਸੀ ਜਿਸ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ ਅਤੇ ਉਹਨਾਂ ਦਾ ਪੂਰੇ ਪੰਜਾਬ ਤੇ ਕਬਜ਼ਾ ਹੋ ਗਿਆ। ਇਸ ਜੰਗ ਵਿੱਚ ਸਿੱਖ ਬੜੀ ਬਹਾਦਰੀ ਨਾਲ਼ ਲੜੇ। ਉਹ ਆਖਰੀ ਉਮੀਦ ਤੱਕ ਲੜਦੇ ਰਹੇ। ਉਹਨਾਂ ਕੋਲ਼ੇ ਅੰਗਰੇਜ਼ਾਂ ਨਾਲ਼ੋਂ ਫੌਜ ਅਤੇ ਤੋਪਾਂ ਵੀ ਘੱਟ ਸੀ ਇਸੇ ਕਰਕੇ ਇੱਥੇ ਫਿਰ ਵੱਧ ਗਿਣਤੀ ਵਾਲ਼ੀ ਫੌਜ ਦੀ ਜਿੱਤ ਹੋਈ। ਜਨਰਲ ਗਫ਼ ਕੋਲ਼ 33000 ਦੀ ਫੌਜ ਸੀ ਅਤੇ 106 ਤੋਪਾਂ ਵੀ ਸਨ। ਇਸ ਫੌਜ ਵਿੱਚੋਂ ਉਸਨੇ ਕੋਈ 4000 ਦੇ ਲਗਭਗ ਸੈਨਿਕ ਪਿੱਛੇ ਹਿਫਾਜ਼ਤ ਦੇ ਲਈ ਛੱਡੇ ਹੋਏ ਸਨ। ਇਸ ਫੌਜ ਵਿੱਚ 3292 ਗੰਨਰ, 8166 ਕੈਵਲਰੀ 21146 ਇਨਫੈਂਟਰੀ ਤੇ 633 ਇੰਜਨੀਅਰ ਸ਼ਾਮਲ ਸਨ।

ਦੂਜੇ ਪਾਸੇ ਸਿੱਖ ਫੌਜ ਦੀ ਗਿਣਤੀ 30 ਕੁ ਹਜਾਰ ਸੀ ਇਸ ਤੋਂ ਇਲਾਵਾ ਚਤਰ ਸਿੰਘ ਦੇ 6000 ,ਅਫਗਾਨ ਹੌਰਸ ਦੇ 1500 ਸੈਨਿਕ ਹੋਰ ਸਨ। ਅਫਗਾਨੀਆਂ ਦੀ ਅਗਵਾਈ ਦੋਸਤ ਮੁਹੰਮਦ ਖ਼ਾਨ ਦਾ ਬੇਟਾ ਅਕਰਮ ਖ਼ਾਨ ਕਰ ਰਿਹਾ ਸੀ। ਸਿੱਖਾਂ ਕੋਲ਼ 69 ਤੋਪਾਂ ਹੀ ਸਨ।

ਗੁਜਰਾਤ ਚਨਾਬ ਦਰਿਆ ਦੇ ਉੱਤਰ ਵਿੱਚ ਇਸ ਸਦੁੱਲਾਪੁਰ ਤੋਂ ਛੇ ਮੀਲ ਦੂਰ ਹੈ। ਰਾਮ ਨਗਰ ਤੋਂ ਦਰਿਆ ਦੇ ਦੱਖਣੀ ਕੰਢੇ ਦੇ ਨਾਲ਼ ਨਾਲ਼ ਵਜੀਰਾਵਾਦ ਤੱਕ ਇੱਕ ਸੜਕ ਜਾਂਦੀ ਹੈ ਇਹ ਸੜਕ ਗੁਜਰਾਤ ਤੋਂ ਅੱਗੇ ਜੇਹਲਮ ਸ਼ਹਿਰ ਤੱਕ ਪਹੁੰਚਦੀ ਹੈ। ਇੱਥੇ ਕਟੇਲਾ ਨਦੀ ਇੱਕ ਵੱਡੇ ਨਾਲ਼ੇ ਵਾਂਙ ਵਜ਼ੀਰਾਬਾਦ ਵਿੱਚ ਚਨਾਬ ਵਿੱਚ ਵਗਦੀ ਹੈ। ਇਹਦੇ ਨਾਲ਼ ਇੱਕ ਹੋਰ ਸੁੱਕਾ ਨਾਲ਼ਾ ਸੀ ਜੋ ਅੱਗੇ ਦੁਆਰਾ ਤੋਂ 5 ਮੀਲ ਜਾ ਕੇ ਚਨਾਬ ਵਿੱਚ ਡਿੱਗਦਾ। ਇਹਨਾਂ ਦੋਵਾਂ ਨਾਲ਼ਿਆਂ ਦੇ ਵਿਚਕਾਰ ਛੇ ਮੀਲ ਤੇ ਗੁਜਰਾਤ ਸ਼ਹਿਰ ਹੈ।

ਗੁਜਰਾਤ ਤੋਂ ਡੇਢ ਮੀਲ ਦੱਖਣ ਵਿੱਚ ਕਾਲੜਾ ਪਿੰਡ ਜੋ ਪੂਰਬੀ ਕੰਢੇ ਤੇ ਹੈ। ਛੋਟਾ ਕਾਲੜਾ ਪੱਛਮੀ ਕੰਢੇ ਤੇ ਹੈ ਇਹਨਾਂ ਤੋਂ ਇੱਕ ਮੀਲ ਦੀ ਵਿੱਥ ਤੇ ਹਰੀਆਂਵਾਲਾ ਵੀ ਹੈ। ਪੱਛਮੀ ਕੰਢੇ ਤੇ ਤਿੰਨ ਪਿੰਡ ਲੂਣਪੁਰ, ਜਮਨਾ ਤੇ ਨਾਰੋਵਾਲ ਹਨ। ਦੱਖਣ ਵਿੱਚ ਸ਼ਾਦੀਵਾਲ ਚਨਾਬ ਤੋਂ ਚਾਰ ਮੀਲ ਦੂਰ ਕੂੰਜਾ, ਸ਼ਾਦੀਵੱਲ ਤੋਂ ਚਾਰ ਮੀਲ ਹੀ ਤਰੀਕਾ, ਸ਼ਾਦੀਵਾਲ ਤੋਂ ਡੇਢ ਮੀਲ ਦੂਰ ਪੂਰਬੀ ਕੰਢੇ ਤੇ ਹੈ। ਸਿੱਖਾਂ ਦੀ ਮੋਰਚਾਬੰਦੀ ਕਾਲੜਾ ਤੋਂ ਉਰੇ ਸਵਾ ਮੀਲ ਦੱਖਣ ਵਿੱਚ ਤਿੰਨ ਮੀਲ ਲੰਬੀ ਸੀ ਜੋ ਦੁਆਰਾ ਤੋਂ ਪਟੇਲਾ ਤੱਕ ਸੀ।
ਗਫ਼ ਨੇ ਸਿੱਖਾਂ ਦੇ ਸੱਜੇ ਪਾਸੇ ਤੇ ਵਿਚਾਲਿਓ ਹਮਲਾ ਕਰਨ ਦੀ ਵਿਉਂਤ ਬਣਾਈ। ਉਸ ਦਾ ਇਰਾਦਾ ਕਾਲੜਾ ਦੇ ਖੱਬੇ ਪਾਸਿਓਂ ਸਿੱਖਾਂ ਤੇ ਜ਼ੋਰ ਪਾਉਣ ਦਾ ਸੀ। ਇਸ ਲਈ ਉਸਨੇ ਵਿਚਕਾਰ ਤੋਪਾਂ ਰੱਖ ਲਈਆਂ। ਗਿੱਲਬਰਟ ਤੇ ਵਿਸ਼ ਦੀਆਂ ਡਿਵੀਜ਼ਨਾਂ ਸੱਜੇ ਤੇ ਖੱਬੇ ਪਾਸੇ ਅਤੇ ਕੈਂਪਬੈਲ ਤੇ ਡੰਡਾਸ ਦੀਆਂ ਡਵੀਜਨਾਂ ਦੂਜੇ ਪਾਸੇ ਸਨ।

ਜਿਉਂ ਹੀ 21 ਫ਼ਰਵਰੀ ਦਾ ਦਿਨ ਚੜ੍ਹਿਆ ਲਾਂਗਰੀਆਂ ਨੂੰ ਸਿਪਾਹੀਆਂ ਦਾ ਖਾਣਾ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ ।ਅਜੇ ਖਾਣਾ ਤਿਆਰ ਹੋਣ ਹੀ ਲੱਗਾ ਸੀ ਕਿ 7:30 ਵਜੇ ਸਵੇਰੇ ਹੀ ਜੰਗ ਦਾ ਬਿਗਲ ਵੱਜ ਗਿਆ। ਅੰਗਰੇਜ਼ ਸੈਨਿਕ ਹੱਥਾਂ ਵਿੱਚ ਖਾਣਾ ਫੜੀ ਬੰਦੂਕਾਂ ਚੁੱਕ ਕੇ ਭੱਜ ਤੁਰੇ। ਗਫ਼ ਦੀ ਫੌਜ ਸਿੱਖਾਂ ਤੋਂ ਤਿੰਨ ਮੀਲ ਦੂਰ ਸੀ। ਇਹ ਕਤਰ ਕੂੰਜਾਂ ਤੋਂ ਸ਼ੁਰੂ ਹੋ ਕੇ ਸ਼ਾਦੀਵਾਲ ਦੇ ਨਾਲ਼ ਨਾਲ਼ ਦੋਨਾਂ ਨਾਲ਼ਿਆਂ ਦੇ ਮੱਧ ਤੱਕ ਸੀ। ਉਥੋਂ ਗੁਜਰਾਤ ਦੇ ਸ਼ਹਿਰ ਦੇ ਕਿਲ੍ਹੇ ਦੇ ਮੀਨਾਰ ਸਾਫ਼ ਦਿਖਾਈ ਦੇ ਰਹੇ ਸੀ। ਅੰਗਰੇਜ਼ ਫੌਜਾਂ ਨੂੰ ਦੇਖ ਕੇ ਕਿਲ੍ਹੇ ਦੇ ਮੀਨਾਰ ਤੋਂ ਗੋਲ਼ਾ ਦਾਗ਼ਿਆ ਗਿਆ ਜੋ ਕਿ ਨਿਸ਼ਾਨੇ ਤੋਂ ਪਰੇ ਡਿੱਗਿਆ। ਫੌਜੀ ਨਜ਼ਰੀਏ ਤੋਂ ਇਹ ਸਿੱਖਾਂ ਦੀ ਇੱਕ ਵੱਡੀ ਭੁੱਲ ਸੀ। ਇਸ ਨਾਲ਼ ਸਿੱਖਾਂ ਦੀ ਬੈਟਰੀ ਦੀ ਪੁਜ਼ੀਸ਼ਨ ਦਾ ਪਤਾ ਲੱਗ ਗਿਆ। ਗਫ਼ ਨੇ ਆਪਣੀ ਫੌਜ ਨੂੰ 9 ਵਜੇ ਤੱਕ ਰੋਕ ਲਿਆ। ਜਦ ਅੰਗਰੇਜ਼ ਆਰਟਿਲਰੀ ਅੱਗੇ ਆਈ ਸਾਰਿਆਂ ਨੇ ਤੋਪਾਂ ਦੇ ਵਾਰ ਕੀਤੇ ਅੱਗੋਂ ਸਿੱਖਾਂ ਨੇ ਵੀ ਪੂਰੇ ਜਵਾਬੀ ਹਮਲੇ ਕੀਤੇ। ਅੰਗਰੇਜ਼ਾਂ ਦਾ ਇਸ ਜੰਗ ਵਿੱਚ ਬਹੁਤ ਭਾਰੀ ਨੁਕਸਾਨ ਹੋਇਆ। ਚਾਰ ਚੁਫ਼ੇਰੇ ਗੋਲ਼ੇ ਡਿੱਗ ਰਹੇ ਸਨ। ਗਫ਼ ਨੇ ਆਪਣੇ 24 ਪਾਉਂਡਰਾਂ ਦੇ ਨਾਲ਼ ਆਰਟਿਲਰੀ ਸਿੱਖਾਂ ਉਤੇ ਤਿੰਨ ਘੰਟੇ ਲਗਾਤਾਰ ਗੋਲਾਬਾਰੀ ਕੀਤੀ। ਸਿੱਖਾਂ ਨੇ ਵੀ ਕੋਈ ਕਸਰ ਨਹੀਂ ਛੱਡੀ। ਅਖ਼ੀਰ ਅੰਗਰੇਜ਼ਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਉਹਨਾਂ ਦੀਆਂ 109 ਤੋਪਾਂ ਸਿੱਖਾਂ ਦੀਆਂ 69 ਤੋਪਾਂ ਉੱਤੇ ਹਾਵੀ ਹੋ ਗਈਆਂ। ਸਿੱਖਾਂ ਦੇ ਰਸਾਲੇ ਕਟੇਲਾ ਲੰਘ ਕੇ ਲੇਕ ਤੇ ਹੈਰਸੇ ਦੀ ਕੈਵਲਰੀ ਨੂੰ ਖਿੰਡਾਉਣ ਲਈ ਘੁੱਸ ਗਏ ਪਰ ਹੌਰਸ ਨੇ ਆਪਣੀ

ਆਰਟਿਲਟਰੀ ਨਾਲ਼ ਇਹਨਾਂ ਨੂੰ ਨੇੜੇ ਨਾ ਆਉਣ ਦਿੱਤਾ। 11 ਵੱਜ ਚੁੱਕੇ ਸਨ ਅਜੇ ਜੰਗ ਪੂਰੀ ਤਰ੍ਹਾਂ ਜਾਰੀ ਸੀ। ਗਫ਼ ਨੇ ਆਪਣੀ ਫੌਜ ਨੂੰ ਹੋਰ ਅੱਗੇ ਵਧਣ ਦਾ ਹੁਕਮ ਦਿੱਤਾ। ਕਾਲੜਾ ਪਿੰਡ ਵਿੱਚੋਂ ਕੱਚੀਆਂ ਕੰਧਾਂ ਪਿੱਛੇ ਸਿੱਖ ਫੌਜ ਦੇ ਮੋਰਚਿਆਂ ਤੋਂ ਉਹਨਾਂ ਤੇ ਭਾਰੀ ਗੋਲਾਬਾਰੀ ਹੋਈ। ਅੰਗਰੇਜ਼ ਬ੍ਰਿਗੇਡ ਟੁੱਟ ਕੇ ਪੈ ਗਈ ਤੇ ਸਿੱਖ ਪੈਦਲ ਫੌਜ ਵੀ ਅਖੀਰ ਤੱਕ ਡਟੀ ਰਹੀ। ਗਫ਼ ਦੇ 321 ਬੰਦੇ ਇੱਥੇ ਮਰ ਗਏ ਜਿਨਾਂ ਵਿੱਚ 6 ਅਫ਼ਸਰ,143 ਜਵਾਨ ਸਨ। 128 ਬੰਦੇ ਜ਼ਖ਼ਮੀ ਹੋਏ। ਬ੍ਰਿਗੇਡੀਅਰ ਹਾਰਵੇ ਨੇ ਹੋਰਸ ਦੀ ਆਰਟਿਲਟਰੀ ਦੀ ਮਦਦ ਨਾਲ਼ 10ਵੀਂ ਫੁੱਟ ਤੇ 8ਵੀਂ ਫੁੱਟ ਨੇਟਿਵ ਇਨਫੈਂਟਰੀ ਨਾਲ਼ ਹਮਲਾ ਕੀਤਾ। ਇੱਕ ਵਾਰ ਫਿਰ ਬਹੁਤ ਪ੍ਰਚੰਡ ਲੜਾਈ ਹੋਈ। ਅੰਗਰੇਜ਼ ਫੌਜਾਂ ਦੀ ਗਿਣਤੀ ਜ਼ਿਆਦਾ ਸੀ। ਸਿੱਖ ਪਿੱਛੇ ਹਟਣ ਲੱਗੇ। ਅੰਗਰੇਜ਼ ਕੈਪਟਨ ਐਂਡਰਸਨ ਮਾਰਿਆ ਗਿਆ ਤੇ ਉਸ ਦੇ 14 ਬੰਦੇ ਮਰੇ ਅਤੇ ਜ਼ਖ਼ਮੀ ਹੋਏ। ਇੱਥੇ ਉਹਨਾਂ ਨੇ ਸਿੱਖ ਤੋਪਾਂ ਨੂੰ ਖੋਹ ਲਿਆ। ਅਫ਼ਗ਼ਾਨ ਰਸਾਲੇ ਦੀ ਮਦਦ ਨਾਲ਼ ਸਿੱਖ ਰਸਾਲਿਆ ਨੇ ਅੰਗਰੇਜ਼ਾਂ ਤੇ ਸੱਜੇ ਪਾਸਿਓਂ ਫਿਰ ਹਮਲਾ ਕੀਤਾ। 9ਵੀਂ ਲਾਂਸਰ ਅਫ਼ਗਾਨਾ ਉੱਤੇ ਹਾਵੀ ਹੋ ਗਈ ਤਾਂ ਅਫ਼ਗਾਨ ਸਿਪਾਹੀਆਂ ਦਾ ਹੌਸਲਾ ਟੁੱਟ ਗਿਆ। ਅੰਗਰੇਜ਼ ਕੈਵਲਰੀ ਸਿੱਖਾਂ ਦੇ ਕੈਂਪ ਚੋਂ ਲੰਘਦੀ ਹੋਈ ਅਫ਼ਗ਼ਾਨਾਂ ਦਾ ਪਿੱਛਾ ਕਰਨ ਲੱਗੀ। ਇਹ ਸਮੇਂ ਅਫਗਾਨਾ ਦੇ ਰਸਾਲੇ ਦੀ ਛੋਟੀ ਟੁਕੜੀ ਦੇ ਘੋੜ ਸਵਾਰ ਗਫ਼ ਤੇ ਹਮਲਾ ਕਰਨ ਲਈ ਸਿੱਧਾ ਉਸ ਵੱਲ ਵਧੇ ਪਰ ਲੈਫਟੀਨੈਂਟ ਸਟੈਨਸ ਨੇ ਉਹਨਾਂ ਨੂੰ ਖਿੰਡਾ ਦਿੱਤਾ। ਕਾਲੜਾ ਦਾ ਮੋਰਚਾ ਢਹਿ ਢੇਰੀ ਹੋ ਗਿਆ। ਅੰਗਰੇਜ਼ਾਂ ਦੀ 24 ਪਲਟਣ ਦਾ ਸਿੱਖਾਂ ਦੀ ਪੈਦਲ ਫੌਜ ਨਾਲ਼ ਮੁਕਾਬਲਾ ਹੋਇਆ। ਸਿੱਖਾਂ ਨੇ ਮਰਨ ਮਾਰਨ ਦੇ ਜਨੂੰਨ ਨਾਲ਼ ਜਿੱਤ ਦੀ ਆਖ਼ਰੀ ਕੋਸ਼ਸ਼ ਕੀਤੀ। ਕੈਪਟਨ ਲੁਡਲੋ ਨੇ 18 ਪਾਉਂਡਰ ਨਾਲ਼ ਵਾਰ ਕੀਤੇ ਤੇ ਸਿੱਖ ਫੌਜਾਂ ਨੂੰ ਰੋਕ ਲਿਆ। ਮਰਨ ਵਾਲ਼ਿਆਂ ਦੀ ਗਿਣਤੀ ਵਧਣ ਕਰਕੇ ਸਿੱਖ ਪਿੱਛੇ ਹਟ ਗਏ। ਜਦੋਂ ਸਿੱਖ ਸੱਜੇ ਪਾਸੇ ਮੁੜੇ ਤਾਂ ਵਿਸ਼ ਨੇ ਛੋਟਾ ਕਾਲੜਾ ਵੀ ਕਬਜ਼ੇ ਵਿੱਚ ਲੈ ਲਿਆ। ਜਨਰਲ ਕੈਂਪਬੈਲ ਨੇ ਸਿੱਖਾਂ ਦੇ ਸੱਜੇ ਪਾਸੇ ਨੂੰ ਭਿੰਬਰ ਤੱਕ ਪਿੱਛੇ ਧੱਕ ਦਿੱਤਾ। ਰਸਤੇ ਵਿੱਚ ਪਿੱਛੇ ਹਟਦੇ ਹੋਏ ਸਿੱਖ ਹਰ ਪਿੰਡ ਚ ਮੋਰਚਾ ਬਣਾਉਣ ਦੀ ਕੋਸ਼ਿਸ਼ ਕਰਦੇ ਪਰ ਉਹਨਾਂ ਤੇ ਹਮਲਾ ਹੋ ਜਾਣਾ ਤੇ ਉਹ ਅੱਗੇ ਚੱਲ ਪੈਂਦੇ। ਦੁਪਹਿਰ ਇੱਕ ਵਜੇ ਤੱਕ ਗਫ਼ ਨੇ ਸ਼ੇਰ ਸਿੰਘ ਦੀ ਬਾਕੀ ਸਾਰੀ ਫੌਜ ਨੂੰ ਵੀ ਹਰਾ ਦਿੱਤਾ। 2 ਵਜੇ ਤੱਕ ਗਫ਼ ਨੇ ਦੂਜੀ ਬ੍ਰਿਗੇਡ ਨਾਲ਼ ਰਲ ਕੇ ਗੁਜਰਾਤ ਸ਼ਹਿਰ ਉੱਤੇ ਕਬਜ਼ਾ ਕਰ ਲਿਆ। ਅੰਗਰੇਜ਼ ਕੈਵਵਰੀ ਤੇ ਇਨਫੈਂਟਰੀ ਸ਼ੇਰ ਸਿੰਘ ਦੀ ਫੌਜ ਨੂੰ ਲੱਭਣ ਲੱਗੀ। 24ਵੀਂ ਬੰਗਾਲ ਲਾਈਟ ਕੈਵਲਰੀ ਨੇ 9 ਤੋਪਾਂ ਕਬਜ਼ੇ ਵਿੱਚ ਕਰ ਲਈਆਂ ਅਤੇ 15 ਮੀਲ ਤੱਕ

ਪਿੱਛਾ ਕੀਤਾ।

ਅਗਲੇ ਦਿਨ ਜਨਰਲ ਗਿਲਬਰਟ ਨੇ 14ਵੀਂ ਡ੍ਰਾਗਨਸ ਦੇ ਨਾਲ਼ ਸ਼ੇਰ ਸਿੰਘ ਦੀਆਂ ਫੌਜਾਂ ਦਾ ਪਿੱਛਾ ਕੀਤਾ। 72 ਘੰਟਿਆਂ ਚ 50 ਮੀਲ ਦਾ ਫਾਸਲਾ ਤੈਅ ਕਰਕੇ ਜੇਹਲਮ ਜਾ ਰੁਕਿਆ। ਉਸਨੇ 28 ਫਰਵਰੀ ਨੂੰ ਜੇਹਲਮ ਪਾਰ ਕੀਤਾ ਅਤੇ ਆਪਣਾ ਕੈਂਪ ਲਾ ਲਿਆ। 8 ਮਾਰਚ ਨੂੰ ਰਾਵਲਪਿੰਡੀ ਤੋਂ 31 ਮੀਲ ਉਰੇ ਜਿੱਥੇ ਸ਼ੇਰ ਸਿੰਘ ਆਪਣੇ 1600 ਸੈਨਕਾਂ ਦੇ ਨਾਲ਼ ਰਾਵਲਪਿੰਡੀ ਵਿੱਚ ਸੀ ਨੂੰ ਆਤਮ ਸਮਰਪਣ ਕਰਨ ਲਈ ਸੁਨੇਹਾ ਭੇਜਿਆ। 10 ਮਾਰਚ ਨੂੰ ਸ਼ੇਰ ਸਿੰਘ ਨੇ ਈਨ ਪ੍ਰਵਾਨ ਕਰ ਲਈ। ਗਿਲਬਰਟ ਨੇ ਰਾਵਲਪਿੰਡੀ ਵਿਖੇ 10 ਤਰੀਕ ਨੂੰ ਲਾਲ ਸਿੰਘ ,ਸਰਦਾਰ ਕਾਹਨ ਸਿੰਘ ਮਜੀਠੀਆ ਅਤੇ 1000 ਜਾਗੀਰਦਾਰੀ ਫੌਜ ਤੋਂ ਹਥਿਆਰ ਸਟਵਾ ਲਏ।12 ਮਾਰਚ ਨੂੰ ਚਤਰ ਸਿੰਘ ਤੇ ਹੋਰ ਸਰਦਾਰਾਂ ਨੇ ਆਤਮ ਸਮਰਪਣ ਕਰ ਦਿੱਤਾ ਅਤੇ 17 ਤੋਪਾਂ ਵੀ ਦੇ ਦਿੱਤੀਆਂ। 14 ਮਾਰਚ ਨੂੰ ਗਿੱਲਬਰਟ ਨੇ ਰਸਮੀ ਤੌਰ ਤੇ ਰਾਵਲਪਿੰਡੀ ਵਿੱਚ ਸ਼ੇਰ ਸਿੰਘ ਦੀ ਫੌਜ ਨੂੰ ਇਕੱਠਾ ਕੀਤਾ। ਇਸ ਸਮੇਂ ਕੁੱਲ 20000 ਬੰਦੂਕਾਂ ਤੇ 41 ਤੋਪਾਂ ਅੰਗਰੇਜ਼ਾਂ ਨੂੰ ਸੌਂਪੀਆਂ ਗਈਆਂ। ਖ਼ਾਲਸਾ ਫੌਜ ਆਪਣੇ ਹਥਿਆਰ ਛੱਡਣ ਨੂੰ ਤਿਆਰ ਨਹੀਂ ਸੀ ਉਹਨਾਂ ਦੀਆਂ ਅੱਖਾਂ ਵਿੱਚ ਪਾਣੀ ਤੇ ਚਿਹਰੇ ਗੁੱਸੇ ਤੇ ਨਫ਼ਰਤ ਨਾਲ਼ ਭਖ਼ ਰਹੇ ਸਨ। ਉਹ ਮਹਾਰਾਜਾ ਰਣਜੀਤ ਸਿੰਘ ਨੂੰ ਯਾਦ ਕਰ ਰਹੇ ਸਨ। ਆਖਰੀ 6 ਘੰਟਿਆਂ ਦੀ ਜੰਗ ਵਿੱਚ ਅੰਗਰੇਜ਼ਾਂ ਦਾ ਕਾਫ਼ੀ ਘੱਟ ਨੁਕਸਾਨ ਹੋਇਆ ਕਿਉਂਕਿ ਉਹਨਾਂ ਕੋਲ਼ ਸਿੱਖਾਂ ਨਾਲੋਂ ਤੋਪਾਂ ਵੀ ਜ਼ਿਆਦਾ ਸਨ। ਇੱਥੇ ਅੰਗਰੇਜ਼ਾਂ ਦੀ ਆਰਟੀਲਰੀ ਸਿੱਖਾਂ ਦੀਆਂ ਤੋਪਾਂ ਤੋਂ ਹਰ ਤਰੀਕੇ ਨਾਲ਼ ਬਿਹਤਰ ਸੀ। ਸਾਰੇ ਸਰਦਾਰ ਅਤੇ ਅਫ਼ਸਰਾਂ ਨੂੰ ਜੰਗੀ ਕੈਦੀ ਵਜੋਂ ਲਿਆ ਗਿਆ। ਸ਼ੇਰ ਸਿੰਘ ਦੀ ਫੌਜ ਦੇ ਜਵਾਨਾਂ ਨੂੰ ਇੱਕ ਇੱਕ ਰੁਪਿਆ ਦੇ ਕੇ ਪਿੰਡ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਚਤਰ ਸਿੰਘ ਤੇ ਸ਼ੇਰ ਸਿੰਘ ਨੂੰ ਬਾਕੀਆਂ ਦੇ ਨਾਲ਼ ਫਤਿਹਗੜ੍ਹ ਭੇਜ ਕੇ ਕੈਦ ਵਿੱਚ ਰੱਖਿਆ ਤੇ ਬਾਅਦ ਵਿੱਚ ਉਹਨਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਜਿੱਥੇ ਉਹਨਾਂ ਦੀ 1858 ਵਿੱਚ ਬਨਵਾਸ ਦੌਰਾਨ ਹੀ ਮੌਤ ਹੋ ਗਈ। ਗੁਜਰਾਤ ਦੀ ਇਸ ਲੜਾਈ ਦੇ ਨਾਲ਼ ਸਿੱਖਾਂ ਤੇ ਅੰਗਰੇਜ਼ਾਂ ਦਾ ਦੂਜਾ ਯੁੱਧ ਸਮਾਪਤ ਹੋ ਗਿਆ। ਇਹ ਲੜਾਈ ਨਿਰਨਣਾਜਨਕ ਸੀ। ਅੰਗਰੇਜ਼ਾਂ ਦੀ ਪੂਰਨ ਰੂਪ ਵਿੱਚ ਜਿੱਤ ਹੋਈ ਤੇ ਉਹਨਾਂ ਦਾ ਪੰਜਾਬ ਉੱਤੇ ਪੂਰੀ ਤਰ੍ਹਾਂ ਅਧਿਕਾਰ ਹੋ ਗਿਆ। ਪੰਜਾਬ ਤੇ ਕਬਜ਼ੇ ਦੀ ਰਸਮੀ ਰਿਵਾਇਤ 30 ਮਾਰਚ ਨੂੰ 1849 ਨੂੰ ਲਾਹੌਰ ਦੇ ਭਰੇ ਦਰਬਾਰ ਵਿੱਚ ਹੋਈ ਜਿੱਥੇ ਗਵਰਨਰ ਜਨਰਲ ਨੇ ਇਹ ਐਲਾਨ ਪੜ੍ਹ ਕੇ ਸੁਣਾਇਆ। ਇਸ ਤਰ੍ਹਾਂ ਡਲਹੌਜੀ ਦੀ ਪੰਜਾਬ ਨੂੰ ਬਰਤਾਨੀਆ ਰਾਜ ਦਾ ਹਿੱਸਾ ਬਣਾਉਣ ਦੀ ਨੀਤੀ ਦਾ ਐਲਾਨ ਕੀਤਾ ਗਿਆ।

30 ਮਾਰਚ ਨੂੰ ਫ਼ਿਰੋਜ਼ਪੁਰ ਵਿਖੇ ਵਿਦੇਸ਼ ਵਿਭਾਗ ਵੱਲੋਂ ਕੀਤੀ ਗਈ ਘੋਸ਼ਣਾ -

ਘੋਸ਼ਣਾ

ਵਿਦੇਸ਼ ਵਿਭਾਗ ਕੈਂਪ ਫ਼ਿਰੋਜ਼ਪੁਰ, 30 ਮਾਰਚ

ਗਵਰਨਰ ਜਨਰਲ ਇਹ ਘੋਸ਼ਣਾ ਪੱਤਰ ਭੇਜ ਰਿਹਾ ਹੈ ਜਿਸ ਦੇ ਮੁਤਾਬਕ ਪੰਜਾਬ ਹਿੰਦੁਸਤਾਨ ਵਿੱਚ ਅੰਗਰੇਜ਼ ਸਲਤਨਤ ਦਾ ਹਿੱਸਾ ਬਣ ਗਿਆ ਹੈ। ਇਸ ਨੂੰ ਆਮ ਜਾਣਕਾਰੀ ਵਜੋਂ ਛਾਪਿਆ ਜਾਏ ਤੇ ਹਰ ਮੁੱਖ ਸ਼ਹਿਰ ਵਿੱਚ ਇਸ ਦਾ ਸਵਾਗਤ ਫੌਜੀ ਸਲਾਮੀ ਨਾਲ਼ ਕੀਤਾ ਜਾਏ। ਰਾਈਟ ਅਨਰੇਬਲ ਗਵਰਨਰ ਜਨਰਲ ਆੱਫ ਇੰਡੀਆ ਦੇ ਹੁਕਮ ਅਨੁਸਾਰ।

ਦਸਤਖ਼ਤ<br>
ਪੀ ਮੈਲਵਿਲ<br>
ਗਵਰਨਰ ਜਨਰਲ ਦੇ ਨਾਲ਼ ਅੰਡਰ-ਸੈਕਟਰੀ,<br>
ਗੌਰਮੈਂਟ ਆੱਫ਼ ਇੰਡੀਆ।

—o—

ਪੇਸ਼ਕਸ਼ - ਜਗਤਾਰ ਸਿੰਘ ਸੋਖੀ